ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Excellence in Agri Info
KHETI DUNIYAN, PATIALA
Rs.10/-
All Subject to Patiala Jurisdiction.
www.khetiduniyan.in

Editor : Jagpreet Singh • RNI/42269/83 • Issue Dated 11-11-2023 • Vol.41 No.45 • Ph. : 0175-2214575, 90410-14575 • Page : 16 E-mail : khetiduniyan1983@gmail.com

## ਕਣਕ ਦੇ ਤਣੇ ਦੀ ਗੁਲਾਬੀ ਸੁੰਡੀ

## ਬਿਜਾਈ ਸਮੇਂ ਹੀ ਫਸਲ ਦਾ ਸਰਵੇਖਣ ਕਰਨ ਦੀ ਲੋੜ

ਝੋਨੇ ਦੀ ਪਰਾਲੀ ਸਥਾਨਕ ਪ੍ਰਬੰਧਨ ਕਰਨ ਵਾਲੇ ਕਿਸਾਨਾਂ ਦੇ ਖੇਤਾਂ ਵਿਚ ਸ਼ੁਰੂਆਤੀ ਦੌਰ ਵਿਚ ਤਣੇ ਦੀ ਗੁਲਾਬੀ ਸੁੰਡੀ ਦੁਆਰਾ ਕਣਕ ਦੀ ਫਸਲ ਨੂੰ ਨੁਕਸਾਨ ਪਹੁੰਚਾਉਣ ਦੀਆਂ ਖਬਰਾਂ ਪੰਜਾਬ ਦੇ ਪਟਿਆਲਾ, ਸੰਗਰੂਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਆਮ ਚਰਚਾ ਵਿੱਚ ਰਹੀਆਂ ਸਨ। ਪਰ ਪਿਛਲੇ ਕੁਝ ਸਾਲਾਂ ਵਿੱਚ ਭਾਵੇਂ ਕਿ ਕਾਫੀ ਕਿਸਾਨ ਇਸ ਸੁੰਡੀ ਸਬੰਧੀ ਜਾਗਰੂਕ ਹੋਏ ਹਨ ਅਤੇ ਸੁੰਡੀ ਦਾ ਵਧੀਆ ਢੰਗ ਨਾਲ ਪ੍ਰਬੰਧਨ ਕਰਕੇ ਕਣਕ ਦਾ ਵਧੀਆ ਝਾੜ ਲੈ ਰਹੇ ਹਨ ਉੱਥੇ ਹੀ ਬਹੁਤੇ ਕਿਸਾਨ ਹਾਲੇ ਵੀ ਇਸ ਸੁੰਡੀ ਦੇ ਹਮਲਾ ਕਰਨ ਤੇ ਤਰੀਕੇ ਅਤੇ ਲੱਛਣਾਂ ਨੂੰ ਹੋਰ ਬਿਮਾਰੀ ਸਮਝ ਕੇ ਘਾਟਾ ਖਾ ਬੈਠਦੇ ਹਨ। ਇਥੇ ਸਮਝਣ ਦੀ ਲੋੜ ਹੈ ਕਿ ਸ਼ੁਰੂਆਤੀ ਦੌਰ ਵਿਚ ਤੱਤਾਂ ਦੀ ਘਾਟ, ਪਾਣੀ ਦਾ ਜ਼ਿਆਦਾ ਦੇਰ ਤੱਕ ਖੜ੍ਹਾ ਹੋਣਾ, ਬਿਮਾਰੀ ਜਾਂ ਕੀੜ੍ਹੇ-ਮਕੌੜਿਆਂ ਦਾ ਹਮਲਾ ਵੀ ਕਣਕ ਦੀ ਫਸਲ ਨੂੰ ਪੀਲਾ ਕਰ ਸਕਦਾ ਹੈ। ਗੁਲਾਬੀ ਸੁੰਡੀ ਦੇ ਹਮਲੇ ਕਾਰਨ ਪੀਲੀ ਹੋਈ ਕਣਕ ਨੂੰ ਆਮ ਤੌਰ ਤੇ ਕਿਸਾਨ ਫਸਲ ਵਿਚ ਨਾਈਟ੍ਰੋਜਨ ਤੱਤ ਦੀ ਘਾਟ ਸਮਝ ਲੈਂਦੇ ਹਨ ਅਤੇ ਹਮਲਾ ਵੱਧਣ ਨਾਲ ਕਾਫੀ ਨੁਕਸਾਨ ਵੀ ਹੋ ਜਾਂਦਾ ਹੈ। ਕਣਕ ਦੀ ਗੁਲਾਬੀ ਸੁੰਡੀ ਕਣਕ ਦੇ ਨਾਲ-ਨਾਲ ਹੋਰ ਫਸਲਾਂ ਦਾ ਵੀ ਨੁਕਸਾਨ ਕਰਦੀ ਹੈ, ਜਿਵੇਂ ਕਿ ਝੋਨਾ, ਮੱਕੀ ਅਤੇ ਹੋਰ ਅਨਾਜ ਵਾਲੀਆਂ ਫਸਲਾਂ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਕਣਕ ਦੀ ਗੁਲਾਬੀ ਸੁੰਡੀ ਦੀ ਕਿਸਮ ਨਰਮੇਂ ਦੀ ਗੁਲਾਬੀ ਸੁੰਡੀ ਤੋਂ ਵੱਖਰੀ ਹੈ। ਕਣਕ ਦੀ ਗੁਲਾਬੀ ਸੁੰਡੀ ਦੇ ਸਹੀ ਨਿਯੰਤਰਣ ਲਈ ਸੁੰਡੀ ਦੇ ਜੀਵਨ ਚੱਕਰ ਨੂੰ ਜਾਣ ਕੇ, ਸੁੰਡੀ ਦੀ ਪਹਿਚਾਣ ਕਰਕੇ ਅਤੇ ਹਮਲੇ ਦੇ ਲੱਛਣ ਸਮਝ ਕੇ ਸ਼ੁਰੂਆਤ ਤੋਂ ਹੀ ਸਰਵੇਖਣ ਕਰਨ ਦੀ ਲੋੜ ਹੁੰਦੀ ਹੈ।

### ਗੁਲਾਬੀ ਸੁੰਡੀ ਦਾ ਜੀਵਨ ਚੱਕਰ

**ਗੁਲਾਬੀ ਸੁੰਡੀ ਦੇ ਜੀਵਨ ਚੱਕਰ ਦੇ ਚਾਰ ਪੜਾਅ ਹੁੰਦੇ ਹਨ** : ਅੰਡਾ, ਸੁੰਡੀ, ਕੋਆ (ਪਿਊਪਾ) ਅਤੇ ਪਤੰਗਾ। ਮਾਤਾ ਪਤੰਗਾ ਬੂਟੇ ਦੇ ਹੇਠਲੇ ਸਿਰੇ ਦੇਦ ਪੱਤੇ ਦੇ ਅੰਦਰਲੇ ਪਾਸੇ ਸਮੂਹ ਵਿਚ ਅੰਡੇ ਦਿੰਦੀ ਹੈ। ਅੰਡੇ ਤੋਂ ਸੁੰਡੀ ਨਿਕਲਦੀ ਹੈ, ਜੋ ਬੂਟੇ ਦੇ ਤਣੇ ਵਿਚ ਮੋਰੀ ਕਰਕੇ ਅੰਦਰ ਚਲੀ ਜਾਂਦੀ ਹੈ। ਤਣੇ ਵਿਚ ਇੱਕ ਜਾਂ ਇਸ ਤੋਂ ਵੀ ਵੱਧ ਸੁੰਡੀਆਂ ਹੋ ਸਕਦੀਆਂ ਹਨ। ਸੁੰਡੀ ਦਾ ਰੰਗ ਗੁਲਾਬੀ ਅਤੇ ਇਸ ਦਾ ਸਿਰ ਭੂਰੇ ਰੰਗ ਦਾ ਹੁੰਦਾ ਹੈ। ਸੁੰਡੀ ਤਣੇ ਦਾ ਹਰਾ ਮਾਦਾ ਖਾਂਦੀ ਹੈ ਅਤੇ ਵਿਚ ਹੀ ਕੋਆ (ਪਿਊਪਾ) ਬਣ ਜਾਂਦਾ ਹੈ। ਕੋਏ (ਪਿਊਪਾ) ਤੋਂ ਪਤੰਗਾ ਨਿਕਲਦਾ ਹੈ ਜੋ ਅਗਲੇ ਜੀਵਨ ਚੱਕਰ ਲਈ ਅੰਡੇ ਦੇਣਾ ਸ਼ੁਰੂ ਕਰ ਦਿੰਦਾ ਹੈ।

### ਹਮਲੇ ਵਾਲੇ ਖੇਤਾਂ ਬੂਟਿਆਂ ਵਿਚ ਲੱਛਣ

ਆਮ ਤੌਰ ਤੇ ਗੁਲਾਬੀ ਸੁੰਡੀ ਕਣਕ ਦੇ ਛੋਟੇ ਬੂਟਿਆਂ ਉੱਤੇ ਹਮਲਾ ਕਰਦੀ ਹੈ। ਸੁੰਡੀ ਬੂਟੇ ਦੇ ਤਣੇ ਵਿਚ ਮੋਰੀ ਕਰਕੇ ਅੰਦਰ ਚਲੀ ਜਾਂਦੀ ਹੈ ਅਤੇ ਹਰੇ ਮਾਦੇ ਨੂੰ ਖਾਂਦੀ ਹੈ। ਜਿਸ ਕਰਕੇ ਬੂਟਾ ਪੀਲਾ ਪੈ ਜਾਂਦਾ ਹੈ। ਬੂਟੇ ਦੀ ਗੋਭ ਸੁੱਕ ਜਾਂਦੀ ਹੈ ਜਿਸਨੂੰ ''ਡੈੱਡ ਹਾਰਟ'' ਵੀ ਕਹਿੰਦੇ ਹਨ। ਬਾਅਦ ਵਿਚ ਬੂਟਾ ਸੁੱਕ ਕੇ ਮਰ ਜਾਂਦਾ ਹੈ। ਜੇਕਰ ਗੁਲਾਬੀ ਸੁੰਡੀ ਦਾ ਹਮਲਾ ਵੱਡੇ ਬੂਟੇ ਉੱਤੇ ਹੁੰਦਾ ਹੈ ਤਾਂ ਸਿੱਟੇ ਚਿੱਟੇ ਰੰਗ ਦੇ ਹੋ ਜਾਂਦੇ ਹਨ, ਜਿਨ੍ਹਾਂ ਵਿਚ ਦਾਣੇ ਫੋਕੇ ਰਹਿ ਜਾਂਦੇ ਹਨ।

### ਗੁਲਾਬੀ ਸੁੰਡੀ ਦਾ ਸਰਵੇਖਣ

ਗੁਲਾਬੀ ਸੁੰਡੀ ਦਾ ਹਮਲਾ ਕਣਕ ਦੇ ਛੋਟੇ



ਬੂਟਿਆਂ ਵਾਲੇ ਪੜਾਅ ਵਿਚ ਜ਼ਿਆਦਾ ਹੁੰਦਾ ਹੈ। ਇਸ ਲਈ, ਬਿਜਾਈ ਤੋਂ ਬਾਅਦ ਸਮੇਂ-ਸਮੇਂ ਤੇ ਫਸਲ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਬੂਟੇ ਦੀ ਗੋਭ ਪੀਲੀ ਦਿਖਾਈ ਦੇਣ ਤੇ ਬੂਟੇ ਨੂੰ ਜੜ੍ਹ ਸਮੇਤ ਪੁੱਟ ਲਵੋ ਅਤੇ ਪਾਣੀ ਨਾਲ ਧੋ ਕੇ ਗੋਭ ਤੋਂ ਚੀਰ ਕੇ ਵੇਖੋ। ਜੇਕਰ ਗੁਲਾਬੀ ਸੁੰਡੀ ਨਜ਼ਰ ਆਵੇ ਤਾਂ ਸਿਫਾਰਿਸ਼ ਕੀਤੇ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

### ਸਰਵਪੱਖੀ ਰੋਕਥਾਮ

★ ਜੇਕਰ ਪਿਛਲੇ ਝੋਨੇ ਦੀ ਫਸਲ ਵਿਚ ਗੁਲਾਬੀ ਸੁੰਡੀ ਦਾ ਹਮਲਾ ਹੋਇਆ ਹੋਵੇ ਤਾਂ ਉਹਨਾਂ ਖੇਤਾਂ ਵਿਚ ਕਣਕ ਦੀ ਅਗੇਤੀ ਬਿਜਾਈ ਨਾ ਕਰੋ।

★ ਫਸਲ ਨੂੰ ਪਾਣੀ ਦਿਨ ਵੇਲੇ ਲਾਉਣਾ ਚਾਹੀਦਾ ਹੈ ਤਾਂ ਕਿ ਪੰਛੀ ਸੁੰਡੀਆਂ ਨੂੰ ਵੱਧ ਤੋਂ ਵੱਧ ਖਾ ਲੈਣ।

★ ਜੇ ਹਮਲਾ ਬਹੁਤ ਜ਼ਿਆਦਾ ਹੋਵੇ ਤਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਨਿਲੀਪਰੋਲ) ਪ੍ਰਤੀ ਏਕੜ ਨੂੰ 80-100 ਲੀਟਰ ਪਾਣੀ ਵਿਚ ਘੋਲ ਕੇ ਫਸਲ ਉੱਤੇ ਛਿੜਕਾਅ ਕਰੋ। ਜਾਂ ਫੇਰ, 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਜਾਂ 1 ਲੀਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਗਿੱਲੀ ਮਿੱਟੀ ਵਿਚ ਰਲਾ ਕੇ ਪਾਣੀ ਲਾਉਣ ਤੋਂ ਪਹਿਲਾਂ ਛਿੱਟਾ ਦਿਓ। ਛਿੱਟਾ ਦੇਣ ਵੇਲੇ ਹੱਥਾਂ ਉੱਤੇ ਦਸਤਾਨੇ ਚੜ੍ਹਾ ਲਵੋ।

**ਰਣਵੀਰ ਸਿੰਘ, ਵਿਨੈ ਸਿੰਘ, ਬੀ ਐੱਸ ਸੇਖੋਂ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ**



# ਬੈਂਗਣ ਅਤੇ ਟਮਾਟਰ ਦੀ ਪਨੀਰੀ ਲਗਾਉਣ ਦਾ ਸਮਾਂ



ਡਾ. ਰਣਜੀਤ ਸਿੰਘ

ਹੁਣ ਬੈਂਗਣਾਂ ਅਤੇ ਟਮਾਟਰਾਂ ਦੀ ਅਗਲੀ ਫਸਲ ਲਈ ਪਨੀਰੀ ਪੁੱਟ ਕੇ ਖੇਤ ਵਿਚ ਲਗਾਈ ਜਾ ਸਕਦੀ ਹੈ। ਪੰਜਾਬ ਨੀਲਮ, ਪੀ ਬੀ ਐਚ ਆਰ-41, ਪੀ ਬੀ ਐਚ ਆਰ-42, ਅਤੇ ਬੀ ਐਚ-2 ਗੋਲ ਬੈਂਗਣਾਂ ਦੀਆਂ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਹਨ। ਪੀ ਬੀ ਐੱਚ-4, ਪੀ ਬੀ ਐੱਚ-5, ਪੰਜਾਬ ਰੌਣਕ, ਪੰਜਾਬ ਹਿੰਮਤ ਅਤੇ ਪੰਜਾਬ ਸਦਾ ਬਹਾਰ ਲੰਬੇ ਬੈਂਗਣਾਂ ਦੀਆਂ ਕਿਸਮਾਂ ਹਨ। ਪੰਜਾਬ ਭਰਪੂਰ ਪੀ ਬੀ ਐਚ-3 ਤੇ ਪੰਜਾਬ ਨਗੀਨਾ ਬੈਂਗਣੀ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਉਪਜ ਦੋਗਲੀ ਕਿਸਮ ਪੀ ਬੀ ਐਚ-4 ਤੋਂ ਕੋਈ 270 ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦੀ ਹੈ। ਬੂਟੇ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਟਮਾਟਰਾਂ ਅਤੇ ਬੈਂਗਣਾਂ ਦੀ ਅਗਲੀ ਫਸਲ ਲਈ ਪਨੀਰੀ ਹੁਣ ਬੀਜੀ ਜਾ ਸਕਦੀ ਹੈ। ਟਮਾਟਰਾਂ ਦੀ ਇੱਕ ਏਕੜ ਲਈ ਪਨੀਰੀ ਤਿਆਰ ਕਰਨ ਲਈ ਕੇਵਲ 100 ਗ੍ਰਾਮ ਬੀਜ ਅਤੇ ਦੋ ਮਰਲੇ ਧਰਤੀ ਚਾਹੀਦੀ ਹੈ। ਜਦੋਂ ਕਿ ਬੈਂਗਣ ਦੀ ਇਕ ਏਕੜ ਲਈ ਪਨੀਰੀ 350 ਗ੍ਰਾਮ ਬੀਜ ਤੋਂ ਤਿਆਰ ਕੀਤੀ ਜਾ ਸਕਦੀ ਹੈ। ਇਸ ਮੌਸਮ ਵਿਚ ਟਮਾਟਰਾਂ ਦੀਆਂ, ਪੰਜਾਬ ਰੱਤਾ, ਪੰਜਾਬ ਉਪਮਾ, ਪੰਜਾਬ ਐੱਨ ਆਰ-7 ਅਤੇ ਪੰਜਾਬ ਛੁਆਰਾ ਕਿਸਮਾਂ ਦੀ ਬਿਜਾਈ ਦਾ ਯਤਨ ਕਰੋ।



ਦੋਵਾਂ ਫਸਲਾਂ ਲਈ ਖੇਤ ਤਿਆਰ ਕਰਨ ਤੋਂ ਪਹਿਲਾਂ 11 ਟਨ ਰੂੜੀ ਪ੍ਰਤੀ ਏਕੜ ਪਾਈ ਜਾਵੇ। ਬੂਟੇ ਲਗਾਉਣ ਸਮੇਂ 55 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 45 ਕਿਲੋ ਮਿਊਰੇਟ ਆਫ ਪੋਟਾਸ਼ ਵੀ ਪ੍ਰਤੀ ਏਕੜ ਪਾਈ ਜਾਵੇ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ।

ਜਦੋਂ ਸਰਦੀ ਵਿਚ ਵਾਧਾ ਹੋ ਜਾਵੇ ਤਾਂ ਪਨੀਰੀ ਨੂੰ ਠੰਡ ਤੋਂ ਬਚਾਉਣਾ ਜ਼ਰੂਰੀ ਹੈ। ਪਿਆਜ਼ ਇਕ ਹੋਰ ਰੋਕੜੀ ਫਸਲ ਹੈ। ਜਿਹੜੀ ਕੇਵਲ ਚਾਰ ਮਹੀਨਿਆਂ ਵਿਚ ਤਿਆਰ ਹੋ ਜਾਂਦੀ ਹੈ ਅਤੇ ਇਕ ਏਕੜ ਵਿਚੋਂ 100 ਕੁਇੰਟਲ ਤੋਂ ਵੱਧ ਝਾੜ ਪ੍ਰਤੀ ਏਕੜ ਦਿੰਦੀ ਹੈ। ਪਿਆਜ਼ ਦੀ ਪਨੀਰੀ ਜੇਕਰ ਨਹੀਂ ਬੀਜੀ ਤਾਂ ਹੁਣ ਬੀਜ ਦੇਵੋ। ਪੰਜਾਬ ਵਿਚ ਕਾਸ਼ਤ ਲਈ ਪੀ ਆਰ ਓ-7, ਪੀ ਆਰ ਓ-6, ਪੰਜਾਬ ਵਾਈਟ, ਪੀ ਵਾਈ ਓ-102 ਅਤੇ ਪੰਜਾਬ ਨਰੋਆ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਪੰਜ ਕਿਲੋ ਬੀਜ ਅਤੇ ਅੱਠ ਮਰਲੇ ਧਰਤੀ ਚਾਹੀਦੀ ਹੈ। ਬਿਜਾਈ 15 ਤੋਂ 20 ਸੈਂਟੀਮੀਟਰ ਉੱਚੀਆਂ ਕਿਆਰੀਆਂ ਤਿਆਰ ਕਰਕੇ ਕਰਨੀ ਚਾਹੀਦੀ ਹੈ। ਇਹ ਪਨੀਰੀ ਜਨਵਰੀ ਮਹੀਨੇ ਪੁੱਟ ਕੇ ਖੇਤ ਵਿਚ ਲਗਾਉਣ ਲਈ ਤਿਆਰ ਹੋ ਜਾਵੇਗੀ। ਪਿਆਜ ਦੀ ਇਕ ਦੋਗਲੀ ਕਿਸਮ ਪੀ ਓ ਐੱਚ-1 ਤਿਆਰ ਕੀਤੀ ਗਈ ਹੈ। ਇਸ ਤੋਂ 220 ਕੁਇੰਟਲ ਪਿਆਜ਼ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ।

ਕਣਕ ਦੀ ਪਿਛੇਤੀ ਬਿਜਾਈ ਲਈ ਸਿਫਾਰਸ਼ ਕੀਤੀਆਂ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ। ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ-771, ਪੀ ਬੀ ਡਬਲਯੂ-757 ਅਤੇ ਪੀ ਬੀ ਡਬਲਯੂ-752 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-752 ਕਿਸਮਾਂ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਇਹ ਪੱਕਣ ਵਿਚ ਕੇਵਲ 130 ਦਿਨ ਲੈਂਦੀਆਂ ਹਨ। ਇਕ ਏਕੜ ਲਈ ਨਰੋਆ ਅਤੇ ਰੋਗ ਰਹਿਤ 40 ਕਿਲੋ ਬੀਜ ਪਾਇਆ ਜਾਵੇ। ਜੇਕਰ ਝੋਨੇ ਦੀ ਫਕ ਜਾਂ ਗੰਨੇ ਦੇ ਛਿਲਕਾਂ ਦੀ ਸੁਆਹ ਮਿਲ ਸਕੇ ਤਾਂ ਚਾਰ ਟਨ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਇਹ ਫਾਸਫੋਰਸ ਦੀ ਘਾਟ ਪੂਰੀ ਕਰਦੀ ਹੈ ਅਤੇ ਝਾੜ ਵਿਚ ਵੀ ਵਾਧਾ ਹੁੰਦਾ ਹੈ। ਜੇਕਰ ਹੈਪੀ ਸੀਡਰ ਨਾਲ ਬਿਜਾਈ ਕਰਨੀ ਹੈ ਤਾਂ ਬੀਜ ਦੀ ਮਾਤਰਾ 45 ਕਿਲੋ ਪ੍ਰਤੀ ਏਕੜ ਕਰੋ।

ਨਰਮੇ ਦੀ ਚੁਗਾਈ ਪੂਰੇ ਜ਼ੋਰ ਉਤੇ ਹੈ, ਨਰਮਾ ਤਰੇਲ ਉਤਰਨ ਤੋਂ ਪਿਛੋਂ ਚੁੱਗਿਆ ਜਾਵੇ। ਚੁਗਾਈ ਕਰਦੇ ਸਮੇਂ ਸਿਰ ਉੱਤੇ ਕੱਪੜਾ ਬੰਨ੍ਹਿਆ ਜਾਵੇ। ਪੱਤੀ ਨੂੰ ਫੁੱਟੀਆਂ ਵਿਚ ਰਲਣ ਨਾ ਦਿੱਤਾ ਜਾਵੇ। ਚੁਗੇ ਗਏ ਨਰਮੇ ਨੂੰ ਹਮੇਸ਼ਾਂ ਸੁੱਕੀ ਥਾਂ ਰੱਖੋ। ਆਖਰੀ ਚੁਗਾਈ ਦਾ ਨਰਮਾ ਵੱਖਰਾ ਰੱਖਿਆ ਜਾਵੇ। ਨਰਮੇ ਨੂੰ ਸਾਫ-ਸੁੱਥਰੇ ਅਤੇ ਸਿਲ੍ਹ ਰਹਿਤ ਕਮਰੇ ਵਿਚ ਭੰਡਾਰ ਕਰੋ। ਚੂਹਿਆਂ ਤੋਂ ਸਾਵਧਾਨੀ ਵਰਤੀ ਜਾਵੇ। ਚੁਗਣ ਪਿਛੋਂ ਫੁਟੀਆਂ ਨੂੰ ਕਿਸਮ ਅਨੁਸਾਰ ਅੱਡ ਰੱਖਿਆ ਜਾਵੇ। ਇਨ੍ਹਾਂ ਨੂੰ ਆਪਸ ਵਿਚ ਰਲਾਉਣਾ ਨਹੀਂ ਚਾਹੀਦਾ। ਮੰਡੀ ਦਾ ਸਰਵੇਖਣ ਕਰੋ। ਜਦੋਂ ਅਤੇ ਜਿੱਥੋਂ ਭਾਅ ਵੱਧ ਮਿਲ ਰਿਹਾ ਹੈ ਉਥੇ ਹੀ ਜਿਣਸ ਨੂੰ ਵੇਚਣਾ ਚਾਹੀਦਾ ਹੈ। ਆਖਰੀ ਚੁਗਾਈ ਕਰਨ ਪਿਛੋਂ ਛਿਟੀਆਂ ਨੂੰ ਖੇਤ ਵਿਚੋਂ ਪੁੱਟ ਦੇਵੋ ਅਤੇ ਖੇਤ ਦੀ ਉਲਟਾਵੇਂ ਹੱਲ ਨਾਲ ਵਾਹੀ ਕਰੋ। ਛਿਟੀਆਂ ਨੂੰ ਵੀ ਮਹੀਨੇ ਦੇ ਅੰਦਰ ਅੰਦਰ ਵਰਤ ਲੈਣਾ ਚਾਹੀਦਾ ਹੈ। ਇੰਝ ਅਗਲੀ ਫਸਲ ਵਿਚ ਕੀੜਿਆਂ ਦੀ ਰੋਕਥਾਮ ਹੋ ਸਕੇਗੀ।

ਸ਼ਹਿਦ ਦੀਆਂ ਮੱਖੀਆਂ ਦੇ ਜੇਕਰ ਬਕਸੇ ਰੱਖਣੇ ਹੋਣ ਤਾਂ ਹੁਣ ਢੁੱਕਵਾਂ ਸਮਾਂ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਜੇਕਰ ਸਿਖਲਾਈ ਪ੍ਰਾਪਤ ਕਰਕੇ ਬਕਸੇ ਰੱਖੇ ਜਾਣ ਤਾਂ ਸਫਲਤਾ ਯਕੀਨੀ ਹੋ ਜਾਂਦੀ ਹੈ। ਸ਼ਹਿਦ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦਾ ਹੈ। ਕੁਝ ਬਕਸਿਆਂ ਤੋਂ ਸ਼ੁਰੂ ਕਰਕੇ ਹੌਲੀ ਹੌਲੀ ਇਨ੍ਹਾਂ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਖੁੰਬਾਂ ਨੂੰ ਵੀ ਘਰ ਵਿਚ ਅਸਾਨੀ ਨਾਲ ਉਗਾਇਆ ਜਾ ਸਕਦਾ ਹੈ। ਬਟਨ ਖੁੰਬ, ਢੀਂਗਰੀ ਅਤੇ ਸ਼ਟਾਕੀ ਖੁੰਬ ਦੀ ਅਗਲੀ ਫਸਲ ਦੀ ਹੁਣ ਬਿਜਾਈ ਕੀਤੀ ਜਾ ਸਕਦੀ ਹੈ। ਬਟਨ ਖੁੰਬ ਤੇ ਸ਼ਟਾਕੀ ਖੁੰਬ ਨੂੰ ਤੂੜੀ ਤੋਂ ਤਿਆਰ ਕੀਤੀ ਸਮੱਗਰੀ ਵਿਚ ਉਗਾਇਆ ਜਾਂਦਾ ਹੈ ਜਦੋਂ ਕਿ ਢੀਂਗਰੀ ਨੂੰ ਪਰਾਲੀ ਉੱਤੇ ਵੀ ਉਗਾਇਆ ਜਾ ਸਕਦਾ ਹੈ। ਆਪਣੇ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਸਿਖਲਾਈ ਪ੍ਰਾਪਤ ਕਰਕੇ ਘਰ ਵਿਚ ਹੀ ਖੁੰਬਾਂ ਨੂੰ ਪੈਦਾ ਕਰੋ। ਸ਼ਹਿਦ ਦੀ ਮੱਖੀਆਂ ਅਤੇ ਖੁੰਬਾਂ ਦੀ ਕਾਸ਼ਤ ਨਾਲ ਆਮਦਨ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਸ ਨਾਲ ਵਿਹਲੇ ਸਮੇਂ ਦੀ ਵਰਤੋਂ ਵੀ ਵਧੀਆ ਹੋ ਜਾਂਦੀ ਹੈ।

# ਯੂਰੀਆ ਨਾਲ ਸੋਧ ਕੇ ਪਰਾਲੀ ਨੂੰ ਬਦਲਿਆ ਜਾ ਸਕਦੈ ਪਸ਼ੂਆਂ ਦੇ ਚਾਰੇ 'ਚ



ਸੂਬੇ ਅੰਦਰ ਪਰਾਲੀ ਇਕ ਸਮੱਸਿਆ ਬਣੀ ਹੋਈ ਹੈ ਪਰ ਜੇਕਰ ਸੂਬੇ ਦੇ ਕਿਸਾਨ ਤੇ ਪਸ਼ੂ ਪਾਲਕ ਨੂੰ ਯੂਰੀਆ ਖਾਦ ਨਾਲ ਸੋਧ ਕੇ ਪਸ਼ੂਆਂ ਲਈ ਚਾਰੇ ਦੇ ਤੌਰ ਤੇ ਵਰਤਣ ਤਾਂ ਜਿੱਥੇ ਪਰਾਲੀ ਦਾ ਕਾਫੀ ਹੱਦ ਤੱਕ ਨਿਪਟਾਰਾ ਹੋ ਸਕਦਾ ਹੈ, ਉੱਥੇ ਹੀ ਪਸ਼ੂਆਂ ਲਈ ਸਸਤਾ ਚਾਰਾ ਬਣਾਇਆ ਜਾ ਸਕਦਾ ਹੈ। ਪਰਾਲੀ ਨੂੰ ਯੂਰੀਆ ਨਾਲ ਸੋਧ ਕੇ ਬਣਾਇਆ ਚਾਰਾ ਪਸ਼ੂਆਂ ਲਈ ਕਾਫੀ ਲਾਹੇਵੰਦ ਦੱਸਿਆ ਜਾਂਦਾ ਹੈ। ਪੰਜਾਬ ਵਿਚ ਆਮ ਤੌਰ 'ਤੇ ਕਣਕ ਅਤੇ ਝੋਨੇ ਵਾਲਾ ਫਸਲੀ ਚੱਕਰ ਹੀ ਅਪਣਾਇਆ ਜਾਂਦਾ ਹੈ। ਕਣਕ ਦੀ ਰਹਿੰਦ-ਖੂੰਹਦ ਦੀ ਤਾਂ ਤੂੜੀ ਬਣਾ ਲਈ ਜਾਂਦੀ ਹੈ ਜੋ ਕਿ ਪਸ਼ੂਆਂ ਦੇ ਚਾਰੇ ਦੇ ਕੰਮ ਆਉਂਦੀ ਹੈ ਪ੍ਰੰਤੂ ਝੋਨੇ ਦੀ ਰਹਿੰਦ-ਖੂੰਹਦ (ਪਰਾਲੀ) ਬਹੁਤ ਹੀ ਘੱਟ ਵਰਤੋਂ ਵਿਚ ਆਉਂਦੀ ਹੈ ਅਤੇ ਅਕਸਰ ਵੇਖਣ ਵਿਚ ਆਇਆ ਹੈ ਕਿ ਕਿਸਾਨ ਪਰਾਲੀ ਨੂੰ ਖੇਤਾਂ ਵਿਚ ਹੀ ਅੱਗ ਲਗਾ ਕੇ ਸਾੜ ਦਿੰਦੇ ਹਨ। ਇਸ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਤ ਹੋ ਰਿਹਾ ਹੈ, ਉਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘੱਟ ਰਹੀ ਹੈ।

ਦੂਜੇ ਪਾਸੇ ਡਾ. ਬਿਮਲ ਸ਼ਰਮਾ ਪ੍ਰਿੰਸੀਪਲ ਕਮ ਜੁਆਇੰਟ ਡਾਇਰੈਕਟਰ ਵੈਟਰਨਰੀ ਪੌਲੀਟੈਕਨਿਕ ਕਾਲਜ ਅਤੇ ਖੇਤਰੀ ਖੋਜ ਸਿਖਲਾਈ ਕੇਂਦਰ ਕਾਲਝਰਾਣੀ ਨੇ ਪਰਾਲੀ ਦੇ ਨਿਪਟਾਰੇ ਲਈ ਨਵੀਂ ਸਕੀਮ ਦੱਸੀ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਯੂਰੀਏ ਨਾਲ ਸੋਧ ਕੇ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾ ਸਕਦਾ ਹੈ ਜੋ ਕਿ ਬਹੁਤ ਹੀ ਵਧੀਆ ਅਤੇ ਸਸਤਾ ਤਰੀਕਾ ਹੈ। ਇਕ ਕੁਇੰਟਲ ਪਰਾਲੀ ਵਿਚ ਇਕ ਕਿਲੋ ਯੂਰੀਆ ਅਤੇ ਤਿੰਨ ਕਿੱਲੋ ਸੀਰੇ ਨੂੰ 30 ਲੀਟਰ ਪਾਣੀ ਵਿਚ ਘੋਲ ਕੇ ਚੰਗੀ ਤਰ੍ਹਾਂ ਕੁਤਰੀ ਹੋਈ ਪਰਾਲੀ ਨਾਲ ਰਲਾ ਕੇ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ ਜੋ ਕਿ ਬਹੁਤ ਹੀ ਵਧੀਆ ਅਤੇ ਸਸਤਾ ਤਰੀਕਾ ਹੈ। ਇਕ ਕੁਇੰਟਲ ਪਰਾਲੀ ਵਿਚ ਇੱਕ ਕਿਲੋ ਯੂਰੀਆ ਅਤੇ ਤਿੰਨ ਕਿਲੋ ਸੀਰੇ ਨੂੰ 30 ਲੀਟਰ ਪਾਣੀ ਵਿਚ ਘੋਲ ਕੇ ਚੰਗੀ ਤਰ੍ਹਾਂ ਕੁਤਰੀ ਹੋਈ ਪਰਾਲੀ ਨਾਲ ਰਲਾ ਕੇ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ। ਜੇਕਰ ਕਿਸਾਨਾਂ ਨੇ ਇਹ ਤਰੀਕਾ ਨਹੀਂ ਅਪਨਾਉਣਾ ਤਾਂ ਫਿਰ ਇਕ ਕੁਇੰਟਲ ਪਰਾਲੀ, 3.5 ਕਿਲੋ ਯੂਰੀਆ ਨੂੰ 50 ਲਿਟਰ ਪਾਣੀ ਵਿਚ ਮਿਲਾ ਕੇ ਕੁਤਰੀ ਹੋਈ ਪਰਾਲੀ 'ਤੇ ਛਿੜਕ ਦਿਓ ਅਤੇ ਇਸ ਦਾ ਢੇਰ ਬਣਾ ਲਵੋ ਅਤੇ ਤਰਪਾਲ ਨਾਲ ਢੱਕ ਦਿਓ ਅਤੇ 10 ਦਿਨਾਂ ਬਾਅਦ ਪਸ਼ੂਆਂ ਨੂੰ ਖਿਲਾਓ ਅਤੇ ਖਿਲਾਉਣ ਤੋਂ ਪਹਿਲਾਂ 2-3 ਘੰਟੇ ਹਵਾ ਵਿਚ ਖਿਲਾਰ ਲਵੋਂ ਤਾਂ ਕਿ ਅਮੋਨੀਆ ਗੈਸ ਇਸ ਵਿੱਚੋਂ ਉੱਡ ਜਾਵੇ। ਇਸ ਤਰ੍ਹਾਂ ਪਰਾਲੀ ਤੋਂ ਤਿਆਰ ਕੀਤੇ ਚਾਰੇ ਨਾਲ ਪਸ਼ੂਆਂ ਦਾ ਦੁੱਧ ਵੱਧਦਾ ਹੈ ਅਤੇ ਇਹ ਹਜ਼ਮ ਵੀ ਜਲਦੀ ਹੋ ਜਾਂਦਾ ਹੈ। ਪਰਾਲੀ ਤੋਂ ਤਿਆਰ ਕੀਤਾ ਇਹ ਚਾਰਾ ਘੋੜਾ, ਖਰਚਾਂ ਅਤੇ ਚਾਰ ਮਹੀਨੇ ਤੋਂ ਛੋਟੀ ਉਮਰ ਦੇ ਕੱਟੜੂਆਂ, ਵੱਛੜੂਆਂ ਨੂੰ ਨਹੀਂ ਖਵਾਉਣਾ ਚਾਹੀਦਾ। ਇਸ ਚਾਰੇ ਦੇ ਨਾਲ ਦੁਧਾਰੂ ਪਸ਼ੂਆਂ ਨੂੰ ਹਰ ਰੋਜ਼ ਧਾਤਾਂ ਦਾ ਚੂਰਾ (ਮਿਨਰਲ ਮਿਕਚਰ) ਵੱਡੇ ਪਸ਼ੂਆਂ ਨੂੰ 100-150 ਗ੍ਰਾਮ ਅਤੇ ਛੋਟੇ ਪਸ਼ੂਆਂ ਨੂੰ 30-40 ਗ੍ਰਾਮ ਜ਼ਰੂਰ ਖਵਾਉਣਾ ਚਾਹੀਦਾ ਹੈ, ਕਿਉਂਕਿ ਪਰਾਲੀ ਨੂੰ ਯੂਰੀਏ ਨਾਲ ਸੋਧ ਕੇ ਕੀਤੇ ਚਾਰੇ ਵਿਚ ਤੱਤਾਂ ਦੀ ਕੁੱਝ ਘਾਟ ਹੁੰਦੀ ਹੈ ਜੋ ਕਿ ਇਸ ਧਾਤਾਂ ਦੇ ਚੂਰੇ ਨਾਲ ਪੂਰੀ ਹੋ ਜਾਂਦੀ ਹੈ ਕਿਉਂਕਿ ਅੱਜ ਕੱਲ ਤੂੜੀ ਦਾ ਭਾਅ ਬਹੁਤ ਵਧ ਗਏ ਹਨ ਅਤੇ ਪਰਾਲੀ ਨੂੰ ਯੂਰੀਏ ਨਾਲ ਸੋਧ ਕੇ ਤਿਆਰ ਕੀਤਾ ਇਹ ਚਾਰਾ ਬਹੁਤ ਹੀ ਵਧੀਆ ਅਤੇ ਸਸਤਾ ਪੈਂਦਾ ਹੈ। ਜੇਕਰ ਸਾਰੇ ਕਿਸਾਨ ਪਰਾਲੀ ਨੂੰ ਯੂਰੀਏ ਨਾਲ ਸੋਧ ਕੇ ਪਸ਼ੂਆਂ ਦੇ ਚਾਰੇ ਲਈ ਵਰਤੋਂ ਕਰਨ ਤਾਂ ਕਾਫੀ ਹੱਦ ਤੱਕ ਪਰਾਲੀ ਦਾ ਹੱਲ ਹੋ ਸਕਦਾ ਹੈ ਅਤੇ ਫਿਰ ਪਰਾਲੀ ਨੂੰ ਖੇਤਾਂ ਵਿਚ ਅੱਗ ਲਗਾਉਣ ਦੀ ਜ਼ਰੂਰੀ ਨਹੀਂ ਪਵੇਗੀ। ਵੈਟਰਨਰੀ ਪੋਲੀਟੈਕਨਿਕ ਕਾਲਜ ਅਤੇ ਖੇਤਰੀ ਖੋਜ ਸਿਖਲਾਈ ਕੇਂਦਰ ਕਾਲਝਰਾਣੀ ਵਿਚ ਰੱਖੀਆਂ ਕਰੀਬ 200 ਗਊਆਂ ਨੂੰ ਉਹ ਯੂਰੀਆ ਨਾਲ ਸੋਧ ਕੇ ਪਰਾਲੀ ਤੋਂ ਬਣਾਇਆ ਚਾਰਾ ਹੀ ਪਾ ਰਹੇ ਹਨ।

ਕਿਸਾਨਾਂ ਤੇ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਦਿਆਂ ਡਾ. ਬਿਮਲ ਸ਼ਰਮਾ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਰੂਰੀ ਤੱਤ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਇਨ੍ਹਾਂ ਤੱਤਾਂ ਦੀ ਪੂਰਤੀ ਲਈ ਅਸੀਂ ਖਾਦਾਂ ਦੀ ਵਰਤੋਂ ਕਰਦੇ ਹਾਂ ਜਿਸ ਕਰਕੇ ਖਰਚਾ ਬਹੁਤ ਵਧ ਜਾਂਦਾ ਹੈ। ਇਕ ਏਕੜ ਝੋਨੇ ਦੀ ਫਸਲ ਤੋਂ ਤਕਰੀਬਨ ਢਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ ਅਤੇ ਇਕ ਟਨ ਪਰਾਲੀ ਸਾੜਨ ਨਾਲ ਅਸੀਂ 400 ਕਿੱਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 2.5 ਕਿਲੋ ਪੋਟਾਸ਼ ਅਤੇ 12 ਕਿਲੋ ਸਲਫਰ ਦਾ ਨੁਕਸਾਨ ਕਰ ਲੈਂਦੇ ਹਾਂ ਇਸ ਕਰਕੇ ਕਿਸਾਨ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਜ਼ਮੀਨ ਵਿਚ ਮਿਲਾ ਕੇ ਉਪਜਾਊ ਸ਼ਕਤੀ ਵਧਾ ਸਕਦੇ ਹਨ। ਪਰਾਲੀ ਨੂੰ ਅੱਗ ਲਾਉਣ ਨਾਲ ਜਿੱਥੇ ਮਿੱਤਰ ਕੀੜੇ ਮਰ ਜਾਂਦੇ ਹਨ ਉੱਥੇ ਹੀ ਕਈ ਵਾਰੀ ਨਾਲ ਲੱਗਦੇ ਖੇਤਾਂ ਵਿਚ ਖੜ੍ਹੀਆਂ ਫਸਲਾਂ ਅਤੇ ਦਰੱਖਤ ਨਸ਼ਟ ਹੋ ਜਾਂਦੇ ਹਨ ਅਤੇ ਪਰਾਲੀ ਤੋਂ ਨਿਕਲਿਆ ਧੂੰਆਂ ਸੜਕਾਂ 'ਤੇ ਭਿਆਨਕ ਹਾਦਸੇ ਹੋਣ ਦਾ ਵੀ ਕਾਰਨ ਬਣਦਾ ਹੈ। ਉਨ੍ਹਾਂ ਕਿਸਾਨਾਂ 'ਤੇ ਪਸ਼ੂ ਪਾਲਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਖੇਤਾਂ ਵਿਚ ਅੱਗ ਲਾਉਣ ਦੀ ਬਜਾਏ ਪਸ਼ੂਆਂ ਲਈ ਵਧੀਆ ਅਤੇ ਸਸਤਾ ਚਾਰਾ ਤਿਆਰ ਕਰਨ ਜਾਂ ਫਿਰ ਪਰਾਲੀ ਨੂੰ ਜ਼ਮੀਨ ਵਿਚ ਵਾਹ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ। ਕੁੱਝ ਕਿਸਾਨ ਇਹ ਸਮਝਦੇ ਹਨ ਕਿ ਯੂਰੀਆ ਨਾਲ ਪਸ਼ੂਆਂ ਦਾ ਨੁਕਸਾਨ ਹੋ ਸਕਦਾ ਹੈ ਪਰ ਅਜਿਹਾ ਨਹੀਂ ਹੈ।



# ਫਸਲਾਂ ਦੇ ਵਾਜਿਬ ਭਾਅ ਮਿਲਣੇ ਜ਼ਰੂਰੀ

ਸੰਨ 2018 ਵਿਚ 'ਕੌਨ ਬਨੇਗਾ ਕਰੋੜਪਤੀ' ਦੇ ਇਕ ਅੰਤ ਵਿਚ ਜਦੋਂ ਮਹਾਰਾਸ਼ਟਰ ਦੇ ਇਕ ਛੋਟੇ ਕਿਸਾਨ ਨੇ ਆਪਣੀ ਵਿਥਿਆ ਸੁਣਾਈ ਤੋਂ ਸ਼ੋਅ ਦੇ ਮੇਜ਼ਬਾਨ ਅਮਿਤਾਭ ਬੱਚਨ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਾ ਆਇਆ; ਅਤੇ ਉਨ੍ਹਾਂ ਉਸ ਕਿਸਾਨ ਤੋਂ ਪੁੱਛਿਆ ਕਿ ਉਹ ਆਪਣੀ ਚਾਰ ਏਕੜ ਦੀ ਖੇਤੀ ਤੋਂ ਕਿੰਨਾ ਕੁ ਕਮਾ ਲੈਂਦਾ ਹੈ; ਉਸ ਦਾ ਜਵਾਬ ਸੀ ''ਸਾਲ ਵਿਚ 60 ਹਜ਼ਾਰ ਤੋਂ ਵੱਧ ਨਹੀਂ ਹੁੰਦਾ ਜਿਸ ਦਾ ਅੱਧਾ ਹਿੱਸਾ ਬੀਜ ਖਰੀਦਣ



ਦਵਿੰਦਰ ਸ਼ਰਮਾ, ਖ਼ੁਰਾਕ ਤੇ ਖੇਤੀਬਾੜੀ ਮਾਮਲਿਆਂ ਦੇ ਮਾਹਰ

'ਤੇ ਖਰਚ ਹੋ ਜਾਂਦਾ ਹੈ। ਮੈਂ ਆਪਣੇ ਪਰਿਵਾਰ ਨੂੰ ਮਹਿਜ਼ ਇਕ ਵਕਤ ਦਾ ਖਾਣਾ ਖੁਆ ਸਕਦਾ ਹਾਂ।''

ਜਵਾਬ ਸੁਣ ਕੇ ਅਮਿਤਾਭ ਬੱਚਨ ਦੰਗ ਰਹਿ ਗਿਆ ਸੀ ਅਤੇ ਉਸ ਨੇ ਇਸ 'ਤੇ ਦੁੱਖ ਜ਼ਾਹਿਰ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਦੇਸ਼ ਦੇ ਕਿਸਾਨਾਂ ਦੀ ਹਮਾਇਤ ਕਰਨ। ਉਸ ਤੋਂ ਬਾਅਦ ਹੁਣ ਤੱਕ ਦਿਹਾਤੀ ਮਹਾਰਾਸ਼ਟਰ ਵਿਚ ਨਾਉਮੀਦੀ ਵਧੀ ਹੀ ਹੈ। ਰਿਪੋਰਟਾਂ ਅਨੁਸਾਰ, ਇਸੇ ਸਾਲ ਜਨਵਰੀ ਤੋਂ ਲੈ ਕੇ ਅਗਸਤ ਤੱਕ 1809 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਇਹ ਅੰਕੜਾ ਪਿਛਲੇ ਸਾਲ ਦੇ ਖੁਦਕੁਸ਼ੀ ਦੇ ਅੰਕੜਿਆਂ ਨਾਲੋਂ ਥੋੜ੍ਹਾ ਘੱਟ ਹੈ, ਫਿਰ ਵੀ ਹਰ ਰੋਜ਼ ਔਸਤਨ ਸੱਤ ਕਿਸਾਨ ਖੁਦਕੁਸ਼ੀ ਕਰ ਰਹੇ ਹਨ। ਇਨ੍ਹਾਂ 'ਚੋਂ ਪੰਜਾਬ ਫੀਸਦ ਖੁਦਕੁਸ਼ੀ ਦੀਆਂ ਘਟਨਾਵਾਂ ਨਰਮਾ ਉਤਪਾਦਕ ਖੇਤਰ ਵਿਚ ਵਾਪਰਦੀਆਂ ਹਨ।

ਇਸ ਕਰ ਕੇ ਮੇਰਾ ਧਿਆਨ ਹਾਲ ਹੀ ਵਿਚ ਹਾੜ੍ਹੀ ਦੀਆਂ ਫਸਲਾਂ ਘੱਟੋ-ਘੱਟ ਸਹਾਇਕ ਮੁੱਲ (ਐੱਮ ਐੱਸ ਪੀ) ਵਿਚ ਵਾਧਾ ਕਰਨ ਤੇ ਮੀਡੀਆ ਵਿਚ ਪਾਏ ਜਾ ਰਹੇ ਰੌਲੇ ਰੱਪੇ ਵੱਲ ਚਲਿਆ ਗਿਆ। ਐੱਮ ਐੱਸ ਪੀ ਵਿਚ ਕੀਤੇ ਗਏ ਵਾਧੇ ਨੂੰ ਕਿਸਾਨਾਂ ਲਈ ਗੱਫਾ ਜਾਂ ਵੱਡੀ ਰਾਹਤ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਪਰ ਸਵਾਲ ਇਹ ਹੈ : ਕੀ ਮੁਸੀਬਤ ਮਾਰੇ ਕਿਸਾਨਾਂ ਨੂੰ ਇਸ ਨਾਲ ਕੋਈ ਧਰਵਾਸ ਮਿਲੇਗਾ ? ਇਸ ਗੱਲ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ ਹੈ ਕਿ ਐੱਮ ਐੱਸ ਪੀ ਵਿਚ ਕੀਤੇ ਗਏ ਵਾਧੇ ਨਾਲ ਕਿਸਾਨਾਂ ਦੀ ਨਾਉਮੀਦੀ ਆਸ ਵਿਚ ਬਦਲ ਸਕੇਗੀ।

ਆਓ, ਪਹਿਲਾਂ ਐੱਮ ਐੱਸ ਪੀ ਵਿਚ ਐਲਾਨੇ ਗਏ ਵਾਧੇ ਨੂੰ ਤੋਲ ਮਿਲ ਕੇ ਦੇਖੀਏ। ਹੁਣ ਜਦੋਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਕੁਝ ਹੋਰਨਾਂ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਸਿਰ 'ਤੇ ਆ ਗਈਆਂ ਹਨ ਅਤੇ 2024 ਦੀਆਂ ਲੋਕ ਸਭਾ ਚੋਣਾਂ ਦੇ ਆਸ ਪਾਸ ਹਾੜ੍ਹੀ ਦੀ ਫਸਲ ਆਵੇਗੀ ਤਾਂ ਫਸਲ ਆਵੇਗੀ ਤਾਂ ਫਸਲਾਂ ਦੀਆਂ ਕੀਮਤਾਂ ਵਿਚ ਇਹ ਵਾਧਾ 2-7 ਫੀਸਦ ਦੀ ਰੇਂਜ ਵਿਚ ਬਣਦਾ ਹੈ। 2022-23 ਵਿਚ ਔਸਤਨ ਮਹਿੰਗਾਈ ਦਰ 7.6 ਫੀਸਦ ਰਹੀ ਸੀ। ਲਿਹਾਜ਼ਾ, ਐੱਮ ਐੱਸ ਪੀ ਵਿਚ ਕੀਤਾ ਗਿਆ ਵਾਧਾ ਮਹਿੰਗਾਈ ਦਰ ਨੂੰ ਵੀ ਕਵਰ ਨਹੀਂ ਕਰਦਾ। ਇਸ ਤੋਂ ਇਲਾਵਾ ਇਸ ਨੂੰ ਕਿਸਾਨਾਂ ਲਈ ਗੱਫਾ ਜਾਂ ਤੋਹਫੇ ਵਜੋਂ ਪ੍ਰਚਾਰਨਾ ਜ਼ਮੀਨੀ ਹਕੀਕਤ ਤੋਂ ਬਿਲਕੁੱਲ ਕੋਰੇ ਹੋਣ ਵਾਲੀ ਗੱਲ ਹੈ। ਹਰ ਫਸਲੀ ਰੁੱਤ ਲਈ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ (ਸੀ ਏ ਸੀ ਪੀ) ਵਰਤੋਂ ਸਮੱਗਰੀ ਦੇ ਕੀਮਤ ਸੂਚਕ ਅੰਕ ਵਿਚ ਪ੍ਰਤੀਸ਼ਤ ਰੱਦੋਬਦਲ ਦੀ ਗਣਨਾ ਵੀ ਪੇਸ਼ ਕਰਦਾ ਹੈ ਜਿਸ ਦੇ ਆਧਾਰ 'ਤੇ ਉਤਪਾਦਨ ਲਾਗਤ ਤੈਅ ਕੀਤੀ ਜਾਂਦੀ ਹੈ। 2022-23 ਦੇ ਮੁਕਾਬਲੇ ਇਸ ਸਾਲ ਕੁੱਲ ਵਰਤੋਂ ਸਮੱਗਰੀ ਕੀਮਤ ਸੂਚਕ ਅੰਕ ਵਿਚ 8.9 ਫੀਸਦ ਵਾਧਾ ਹੋਇਆ ਹੈ। ਇਸ ਦਾ ਮਤਲਬ ਹੈ ਕਿ ਉਤਪਾਦਨ ਲਾਗਤ ਵਿਚ ਵਾਧਾ ਕਿਤੇ ਜ਼ਿਆਦਾ ਹੈ ਜਦਕਿ ਉਸ ਹਿਸਾਬ ਨਾਲ ਐੱਮ ਐੱਸ ਪੀ ਵਿਚ ਵਾਧਾ ਨਹੀਂ ਕੀਤਾ ਗਿਆ। ਫਿਰ ਭਲਾ ਇਹ ਵਾਧਾ ਕਿਸਾਨਾਂ ਲਈ ਖੁਸ਼ੀ ਦਾ ਸਬੱਬ ਕਿਵੇਂ ਬਣੇਗਾ। ਪਿਛਲੇ ਸਾਲ ਤਾਂ ਹੱਦ ਹੀ ਹੋ ਗਈ ਸੀ ਜਦੋਂ ਉਤਪਾਦਨ ਲਾਗਤ ਵਿਚ ਵਾਧਾ 8.5 ਫੀਸਦ ਰਿਹਾ ਸੀ ਜਦ ਕਿ ਐੱਮ ਐੱਸ ਪੀ ਵਿਚ ਵਾਧਾ 2 ਫੀਸਦ ਸੀ।

ਸਬਬੀਂ ਇਸ ਸਾਲ ਕਣਕ ਦੇ ਘੱਟੋ-ਘੱਟ ਸਹਾਇਕ ਮੁੱਲ ਵਿਚ 150 ਰੁਪਏ ਫੀ ਕੁਇੰਟਲ ਦਾ ਵਾਧਾ ਹੋਣ ਨਾਲ ਇਸ ਦਾ ਭਾਅ 2275 ਰੁਪਏ ਫੀ ਕੁਇੰਟਲ ਹੋ ਜਾਵੇਗਾ। 2006-07 ਅਤੇ 2007-08 ਤੋਂ ਲੈ ਕੇ ਹੁਣ ਤੱਕ ਇਹ ਸਭ ਤੋਂ ਵੱਡਾ ਵਾਧਾ ਹੈ। ਉਦੋਂ ਯੂ ਪੀ ਏ ਸਰਕਾਰ ਕੋਲ ਫਸਲਾਂ ਦੀਆਂ ਕੀਮਤਾਂ ਵਿਚ ਅਸਲ ਵਿਚ ਇਹ ਵਾਧਾ ਉਸ ਗਲਤ ਫੈਸਲੇ ਤੋਂ ਬਾਅਦ ਕਰਨਾ ਪਿਆ ਸੀ ਜਿਸ ਨਾਲ ਪ੍ਰਾਈਵੇਟ ਕੰਪਨੀਆਂ ਨੂੰ ਕਿਸਾਨਾਂ ਤੋਂ ਸਿੱਧੇ ਰੂਪ ਵਿਚ ਕਣਕ ਖਰੀਦਣ ਦੀ ਖੁੱਲ੍ਹ ਦਿੱਤੀ ਗਈ ਸੀ ਜਿਸ ਕਰ ਕੇ ਜਨਤਕ ਵੰਡ ਪ੍ਰਣਾਲੀ ਦੇ ਭੰਡਾਰ ਖਾਲੀ ਰਹਿ ਗਏ ਸਨ ਅਤੇ ਇਸ ਕਮੀ ਦੀ ਭਰਪਾਈ ਲਈ ਸਰਕਾਰ ਨੂੰ ਲਗਭਗ ਦੁੱਗਣੀ ਕੀਮਤ 'ਤੇ ਕਣਕ ਦਰਾਮਦ ਕਰਨੀ ਪਈ ਸੀ। ਇਸ ਲਈ ਵਿਰੋਧੀ ਧਿਰ ਅਤੇ ਕਿਸਾਨ ਜਥੇਬੰਦੀਆਂ ਦੇ ਸਖਤ ਰੋਸ ਜਤਾਉਣ ਤੋਂ ਬਾਅਦ ਕਣਕ ਦੀ ਐੱਮ ਐੱਸ ਪੀ ਵਿਚ ਵਾਧਾ ਕੀਤਾ ਗਿਆ ਸੀ ਜਿਸ ਨਾਲ ਬਾਜ਼ਾਰੀ ਕੀਮਤਾਂ ਅਤੇ ਘੱਟੋ-ਘੱਟ ਸਹਾਇਕ ਮੁੱਲ ਵਿਚਕਾਰ ਸਮਾਨਤਾ ਆ ਸਕੀ ਸੀ।

ਮੰਨ ਲੈਂਦੇ ਹਾਂ ਕਿ ਇਸ ਸਾਲ ਕੀਮਤਾਂ ਵਿਚ ਕੀਤੇ ਗਏ ਵਾਧੇ ਨਾਲ ਮੱਧ ਪ੍ਰਦੇਸ਼, ਰਾਜਸਥਾਨ ਅਤੇ ਤਿਲੰਗਾਨਾ ਵਿਚ ਹਾੜ੍ਹੀ ਦੀਆਂ ਮੁੱਖ ਫਸਲਾਂ 'ਤੇ ਚੋਖਾ ਅਸਰ ਪਵੇਗਾ ਤਾਂ ਇਸ ਗੱਲ ਨੂੰ ਲੈ ਕੇ ਕਿਆਸ ਲਾਏ ਜਾਣਗੇ ਕਿ ਕੀਮਤਾਂ ਵਿਚ ਵਾਧੇ ਨਾਲ ਚੁਣਾਵੀ ਨਤੀਜਿਆਂ 'ਤੇ ਕਿਹੋ ਜਿਹਾ ਪ੍ਰਭਾਵ ਪਵੇਗਾ। ਕਣਕ ਹਾੜ੍ਹੀ ਦੀ ਸਭ ਤੋਂ ਅਹਿਮ ਫਸਲ ਹੋਣ ਕਰ ਕੇ ਅਤੇ ਇਸ ਤੋਂ ਇਲਾਵਾ ਜੌਂਅ, ਛੋਲੇ, ਸਰ੍ਹੋਂ ਅਤੇ ਮਸਰ ਦੇ ਘੱਟੋ-ਘੱਟ ਸਹਾਇਕ ਮੁੱਲ ਵਿਚ ਵਾਧੇ ਦਾ ਯਕੀਨਨ ਸਿਆਸੀ ਪਹਿਲੂ ਜੁੜਿਆ ਹੋਇਆ ਹੈ। ਜਨਵਰੀ 2021 ਵਿਚ ਅਰਥ ਸ਼ਾਸਤਰੀ ਸੁਖਪਾਲ ਸਿੰਘ ਅਤੇ ਸ਼ਰੂਤੀ ਭੋਗਲ ਨੇ ਦਰਸਾਇਆ ਸੀ ਕਿ ਕਿਵੇਂ ਕਣਕ ਅਤੇ ਝੋਨੇ ਦੀ ਐੱਮ ਐੱਸ ਪੀ ਵਿਚ ਵਾਧਾ 2004, 2019, 2014 ਅਤੇ 2019 ਤੋਂ ਪਹਿਲਾਂ ਦੇ ਸਾਲਾਂ ਨਾਲੋਂ ਕਾਫੀ ਜ਼ਿਆਦਾ ਸੀ। ਇਹ ਸਾਰੇ ਚੁਣਾਵੀਂ ਸਾਲ ਸਨ। 2023-24 ਦੇ ਹਾੜ੍ਹੀ ਸੀਜ਼ਨ ਦਾ ਇਹ ਵਾਧਾ ਵੀ ਉਸੇ ਤਰਜ਼ 'ਤੇ ਕੀਤਾ ਗਿਆ ਹੈ। ਚੋਣਾਂ ਤੋਂ ਕੁਝ ਦੇਰ ਪਹਿਲਾਂ ਹੀ ਹਾਕਮ ਧਿਰ ਨੂੰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਵਧੇਰੇ ਐੱਮ ਐੱਸ ਪੀ ਦੇਣ ਦਾ ਚੇਤਾ ਆਉਂਦਾ ਹੈ। ਹੋ ਸਕਦਾ ਹੈ ਕਿ ਕੁਝ ਸਿਆਸੀ ਪਾਰਟੀਆਂ ਨੂੰ ਇਸ ਦਾ ਚੁਣਾਵੀਂ ਫਾਇਦਾ ਹਾਸਲ ਹੋਇਆ ਹੋਵੇ ਪਰ ਹੁਣ ਸਮਾਂ ਆ ਗਿਆ ਹੈ ਕਿ ਫਸਲਾਂ ਦੀਆਂ ਕੀਮਤਾਂ ਤੈਅ ਕਰਦੇ ਹੋਏ ਭਵਿੱਖੀ ਰਾਜਨੀਤੀ ਨੂੰ ਲਾਂਭੇ ਰੱਖਿਆ ਜਾਵੇ।

ਖੇਤੀਬਾੜੀ ਕੋਈ ਖੈਰਾਇਤੀ ਕਿੱਤਾ ਨਹੀਂ ਹੈ ਅਤੇ ਫਸਲਾਂ ਦੇ ਭਾਅ ਸਿਆਸੀ ਆਗੂਆਂ ਦੀ ਮਨਮਰਜ਼ੀ 'ਤੇ ਨਹੀਂ ਛੱਡੇ ਜਾ ਸਕਦੇ। ਖੇਤੀਬਾੜੀ ਨੂੰ ਢਾਂਚਾਗਤ ਸੁਧਾਰਾਂ ਦੀ ਲੋੜ ਹੈ ਜਿਸ ਵਿਚ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਅਤੇ ਫਸਲ ਦੇ ਲਾਗਤ ਮੁੱਲ 'ਤੇ 50 ਫੀਸਦ ਮੁਨਾਫੇ ਦੇ ਸਵਾਮੀਨਾਥਨ ਫਾਰਮੂਲੇ ਮੁਤਾਬਕ ਐੱਮ ਐੱਸ ਪੀ ਹਾਸਲ ਹੋ ਸਕੇ। ਹਾਲਾਂਕਿ ਸਰਕਾਰੀ ਖਰੀਦ ਮੋਟੇ ਤੌਰ 'ਤੇ ਕਣਕ ਅਤੇ ਝੋਨੇ ਦੀਆਂ ਫਸਲਾਂ ਤੱਕ ਮਹਿਦੂਦ ਹੈ ਜਿਸ ਕਰ ਕੇ ਇਨ੍ਹਾਂ ਸਾਲਾਂ ਦੌਰਾਨ ਐੱਮ ਐੱਸ ਪੀ ਦਾ ਲਾਹਾ ਲੈਣ ਵਾਲੇ ਕਿਸਾਨਾਂ ਦੀ ਸੰਖਿਆ 6 ਫੀਸਦ ਤੋਂ ਵਧ ਕੇ ਮਸਾਂ 14 ਫੀਸਦ ਹੋਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਐੱਮ ਐੱਸ ਪੀ ਵਿਚ ਵਾਧਾ ਹਾਲੇ ਵੀ ਉਤਪਾਦਨ ਲਾਗਤ ਵਿਚ ਵਾਧੇ ਦੀ ਦਰ ਨਾਲੋਂ ਕਾਫੀ ਘੱਟ ਹੈ ਅਤੇ ਬਾਕੀ ਬਚਦੇ 86 ਫੀਸਦ ਕਿਸਾਨਾਂ ਨੂੰ ਬਾਜ਼ਾਰ ਦੀਆਂ ਮਾੜੀਆਂ ਕੀਮਤਾਂ ਨਾਲ ਗੁਜ਼ਾਰਾ ਕਰਨਾ ਪੈਂਦਾ ਹੈ ਜਿਸ ਕਰ ਕੇ ਦਿਹਾਤੀ ਖੇਤਰਾਂ ਵਿਚ ਕਰਜ਼ੇ ਅਤੇ ਖੁਦਕੁਸ਼ੀਆਂ ਦਾ ਰੁਝਾਨ ਬਾਦਸਤੂਰ ਜਾਰੀ ਹੈ ਅਤੇ ਖੇਤੀਬਾੜੀ ਸੰਕਟ ਗਹਿਰਾ ਹੋ ਰਿਹਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਵਿਆਪਕ ਆਰਥਿਕ ਨੀਤੀਆਂ 'ਤੇ ਵੀ ਮੁੜ ਝਾਤ ਮਾਰਨ ਦੀ ਲੋੜ ਹੈ ਜਿਨ੍ਹਾਂ ਕਰ ਕੇ ਲੰਮੇ ਅਰਸੇ ਤੋਂ ਕਿਸਾਨਾਂ ਨੂੰ ਵਾਜਬ ਕੀਮਤਾਂ ਦੇਣ ਤੋਂ ਵਿਰਵਾ ਰੱਖਿਆ ਗਿਆ ਹੈ। ਮਹਿੰਗਾਈ ਦਰ ਨੂੰ ਚਾਰ ਫੀਸਦ (2 ਫੀਸਦ ਦੀ ਘਾਟ/ਵਾਧ ਸਹਿਤ) ਦੇ ਖਾਨੇ ਵਿਚ ਰੱਖਣ ਨਾਲ ਕਿਸਾਨਾਂ ਦੇ ਹਿੱਤਾ ਨੂੰ ਢਾਹ ਵੱਜਦੀ ਹੈ। ਹਾਲਾਂਕਿ ਖਪਤਕਾਰ ਸੂਚਕ ਅੰਕ (ਸੀ ਪੀ ਆਈ) ਖਾਨੇ ਵਿਚ ਅਨਾਜ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਦਾ ਵਜ਼ਨ 45.9 ਫੀਸਦ ਬਣਦਾ ਹੈ ਪਰ ਨੀਤੀਘਾੜਿਆਂ ਨੇ ਮਹਿੰਗਾਈ ਦਰ ਨੂੰ ਚੁਆਤੀ ਲਾਉਣ ਵਾਲੇ ਸਭ ਤੋਂ ਵੱਡੇ ਮਕਾਨ ਉਸਾਰੀ ਖੇਤਰ ਵੰਨੀਓਂ ਆਪਣੀਆਂ ਅੱਖਾਂ ਮੀਟ ਰੱਖੀਆਂ ਹਨ। ਇਸ ਦੇ ਬਾਵਜੂਦ ਮਕਾਨ ਉਸਾਰੀ ਨੂੰ ਨਿਵੇਸ਼ ਵਜੋਂ ਲਿਆ ਜਾਂਦਾ ਹੈ ਜਦਕਿ ਫਸਲਾਂ ਦੀ ਐੱਮ ਐੱਸ ਪੀ ਵਿਚ ਮਾਮੂਲੀ ਵਾਧੇ ਨੂੰ ਮਹਿੰਗਾਈ ਦਰ ਵਿਚ ਵਾਧੇ ਦਾ ਕਾਰਕ ਮੰਨ ਲਿਆ ਜਾਂਦਾ ਹੈ। ਇਸ ਪੈਮਾਨੇ ਨੂੰ ਬਦਲਣਾ ਪੈਣਾ ਹੈ।


ਦੀਵਾਲੀ
ਦੀਆਂ ਸ਼ੁੱਭਕਾਮਨਾਵਾਂ !




ਅਸੀਂ ਭਾਰਤ ਸਮੂਹ ਦੀਆਂ ਕੰਪਨੀਆਂ ਹਾਂ
ਜਿਨ੍ਹਾਂ ਨੂੰ ਗੁਪਤਾ ਪਰਿਵਾਰ ਦੁਆਰਾ ਪੂਰਾ ਸਮਰਥਨ ਦਿੱਤਾ ਗਿਆ ਹੈ

Bharat RASAYAN LIMITED

BHARAT CERTIS® AGRISCIENCE LTD.
A Group Company of Mitsui & Co., Ltd., Japan

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 41 ਅੰਕ 45**
**ਮਿਤੀ 11-11-2023**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।


Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH

# ਖੇਤੀ ਜਾਣਕਾਰੀ ਦੇ ਪਸਾਰ ਲਈ ਸੋਸ਼ਲ ਮੀਡੀਆ ਦੀ ਵਰਤੋਂ

**ਅਨਿਲ ਸ਼ਰਮਾ ਅਤੇ ਤੇਜਿੰਦਰ ਸਿੰਘ ਰਿਆੜ,**
**ਸੰਚਾਰ ਕੇਂਦਰ (ਮੋ. 98147-53630)**

ਪੀ ਏ ਯੂ ਦੇ ਪਸਾਰ ਸਿੱਖਿਆ ਦੇ ਨਵੇਂ ਰੂਪ ਵਿਚ ਸੂਚਨਾ ਤਕਨਾਲੋਜੀ ਇਕ ਸ਼ਕਤੀਸ਼ਾਲੀ ਮਾਧਿਅਮ ਬਣ ਕੇ ਉਭਰ ਰਿਹਾ ਹੈ । ਇਸ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਕਰਕੇ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਕਿਸਾਨਾਂ ਤੱਕ ਜਾਣਕਾਰੀ ਪਹੁੰਚਾਉਣ ਦੇ ਨਹੀ ਕੀਤੀ ਜਾ ਰਹੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਫੇਸਬੁੱਕ ਪੇਜ ਅਤੇ ਯੂਟਿਊਬ ਚੈਨਲ ਕਿਸਾਨਾਂ ਦੇ ਵਿਚ ਹਰਮਨ ਪਿਆਰਾ ਹੋ ਕੇ ਉੱਭਰ ਰਿਹਾ ਹੈ । ਗੌਰਤਲਬ ਇਹ ਹੈ ਕਿ ਭਾਰਤ ਵਿਚ ਸੂਚਨਾ ਤਕਨਾਲੋਜੀ ਦੀ ਵਰਤੋਂ ਦੇ ਵਿਚ ਪੰਜਾਬ ਦੇ ਦੇਸ਼ ਮੋਹਰੀ ਸੂਬਿਆਂ ਵਿੱਚੋਂ ਆਉਂਦਾ ਹੈ । ਯੂਨੀਵਰਸਿਟੀ ਦੇ ਫੇਸਬੁੱਕ ਪੇਜ ਤੇ ਤਕਰੀਬਨ 57,200 ਕਿਸਾਨ ਅਤੇ ਕਿਸਾਨ ਬੀਬੀਆਂ ਸਿੱਧੇ ਜੁੜੇ ਹਨ । ਇਹਨਾਂ ਵਿੱਚੋਂ 88.5 ਫੀਸਦੀ ਕਿਸਾਨ ਹਨ ਅਤੇ 11.5 ਫੀਸਦੀ ਕਿਸਾਨ ਬੀਬੀਆਂ ਹਨ । ਅੰਕੜੇ ਦੱਸਦੇ ਹਨ ਕਿ ਇਹਨਾਂ ਵਿੱਚੋਂ 50 ਫੀਸਦੀ ਦੇ ਕਰੀਬ ਨੌਜਵਾਨ 25 ਤੋਂ 34 ਦੀ ਉਮਰ ਵਾਲੇ ਹਨ । ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਇਸ ਪੇਜ ਦੀ ਜਾਣਕਾਰੀ ਬਾਹਰਲੇ ਮੁਲਕਾਂ ਵਿਚ ਵਸਦੇ ਲੋਕਾਂ ਵੱਲੋਂ ਵੀ ਸਾਂਝੀ ਕੀਤੀ ਜਾਂਦੀ ਹੈ । ਅੰਕੜਿਆਂ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਕੈਨੇਡਾ ਵਿਚ 2909, ਆਸਟਰੇਲੀਆ ਦੇ ਵਿਚ 1015, ਅਮਰੀਕਾ ਦੇ ਵਿੱਚ 1121, ਪਾਕਿਸਤਾਨ 723, ਇੰਗਲੈਂਡ ਦੇ ਵਿਚ 314, ਨੇਪਾਲ ਦੇ ਵਿੱਚ 399 ਆਦਿ ਮੁਲਕਾਂ ਵੱਲੋਂ ਮੁਲਕਾਂ ਵੱਲੋਂ ਇਸ ਪੇਜ ਨੂੰ ਲਗਾਤਾਰ ਪਸੰਦ ਕੀਤਾ ਗਿਆ ਹੈ ।

ਇਸ ਤਰ੍ਹਾਂ ਯੂਨੀਵਰਸਿਟੀ ਦਾ ਯੂਟਿਊਬ ਚੈਨਲ ਵੀ ਕਾਫੀ ਹਰਮਨ ਪਿਆਰਾ ਹੋ ਕੇ ਉਭਰ ਰਿਹਾ ਹੈ । ਇਸ ਚੈਨਲ ਤੇ 1000 ਤੋਂ ਵੱਧ ਤਕਨੀਕੀ ਵੀਡੀਓ ਪੋਸਟ ਕੀਤੀਆਂ ਗਈਆਂ ਹਨ । ਇਸ ਚੈਨਲ ਨੂੰ ਲਗਭਗ 26,000 ਲੋਕ ਫਾਲੋ ਕਰ ਰਹੇ ਹਨ । ਇਸ ਚੈਨਲ ਤੇ ਪੋਸਟ ਕੀਤੀਆਂ ਛੋਟੀਆਂ ਫਿਲਮਾਂ ਲਗਭਗ 9.0 ਲੱਖ ਵਾਰ ਦੇਖੀਆਂ ਗਈਆਂ ਅਤੇ ਇਹਨਾਂ ਫਿਲਮਾਂ ਦੀ ਪਹੁੰਚ 85 ਲੱਖ ਤੱਕ ਪਹੁੰਚ ਚੁੱਕੀ ਹੈ । ਚੰਗੀ ਗੱਲ ਇਹ ਹੈ ਕਿ ਯੂਟਿਊਬ ਚੈਨਲ ਦੀਆਂ ਇਹ ਵੀਡੀਓ ਬਾਹਰਲੇ ਮੁਲਕਾਂ ਵਿਸ਼ੇਸ਼ ਕਰ ਕੈਨੇਡਾ, ਅਮਰੀਕਾ, ਪਾਕਿਸਤਾਨ, ਆਸਟਰੇਲੀਆ, ਇਟਲੀ, ਨੇਪਾਲ, ਨਿਊਜ਼ੀਲੈਂਡ, ਰੂਸ ਆਦਿ ਮੁਲਕਾਂ ਵਿਚ ਵੀ ਵੇਖੀਆਂ ਜਾਂਦੀਆਂ ਹਨ । ਇਹਨਾਂ ਦੋਵਾਂ ਮਾਧਿਅਮਾਂ ਤੋਂ ਜੋ ਸਬਸਕ੍ਰਾਈਬਰ ਹਨ ਉਹ ਅੱਗੋਂ ਇੱਕ ਸੂਚਨਾ ਪਸਾਰੇ ਦਾ ਸੋਮਾ ਬਣ ਕੇ ਉੱਭਰਦੇ ਹਨ । ਇਸ ਤਰ੍ਹਾਂ ਸੂਚਨਾ ਪਸਾਰੇ ਦੀ ਇੱਕ ਚੇਨ ਯੂਨੀਵਰਸਿਟੀ ਦੇ ਯੂਟਿਊਬ ਚੈਨਲ ਅਤੇ ਫੇਸਬੁੱਕ ਪੇਜ ਤੋਂ ਆਰੰਭ ਹੁੰਦੀ ਹੈ । ਇਹ ਜਾਣਕਾਰੀ ਲੱਖਾਂ ਦੀ ਗਿਣਤੀ ਵਿਚ ਕਿਸਾਨਾਂ ਤੱਕ ਪਹੁੰਚਦੀ ਹੈ । ਯੂਨੀਵਰਸਿਟੀ ਵੱਲੋਂ ਹਰ ਹਫਤੇ ਕਿਸਾਨੀ ਦੇ ਦਰਪੇਸ਼ ਆ ਰਹੀਆਂ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੀਆਂ ਖੇਤੀ ਨੂੰ ਸਮਰਪਿਤ ਇਕ ਪ੍ਰੋਗਰਾਮ ਵੀ ਆਰੰਭ ਕੀਤਾ ਗਿਆ ਹੈ । ਇੱਕ ਘੰਟੇ ਦੇ ਵਕਫੇ ਦਾ ਇਹ ਪ੍ਰੋਗਰਾਮ ਵੀਰਵਾਰ ਨੂੰ ਪ੍ਰਸਾਰਿਤ ਕੀਤਾ ਜਾਂਦਾ ਹੈ । ਯੂਟਿਊਬ ਚੈਨਲ ਦਾ ਨਾਮ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਆਫੀਸ਼ੀਅਲ ਚੈਨਲ ਹੈ ਜਦਕਿ ਫੇਸਬੁੱਕ ਦਾ ਲਿੰਕ pauldhpunjab ਹੈ । ਯੂਨੀਵਰਸਿਟੀ ਵੱਲੋਂ ਡਿਜ਼ੀਟਲ ਅਖਬਾਰ ਵੀ ਜਾਰੀ ਕੀਤਾ ਜਾਂਦਾ ਹੈ ਜੋ ਕਿ ਲੋੜੀਂਦੀ ਜਾਣਕਾਰੀ ਕਿਸਾਨਾਂ ਤੱਕ ਪਹੁੰਚਦੀ ਕਰਦਾ ਹੈ । ਇਸ ਤਰ੍ਹਾਂ ਯੂਨੀਵਰਸਿਟੀ ਵੱਲੋਂ 11000 ਦੇ ਕਰੀਬ ਵਟਸਐਪ ਗਰੁੱਪ ਵੀ ਤਿਆਰ ਕੀਤੇ ਗਏ ਹਨ । ਵੱਖ-2 ਵਿਕਸਿਤ ਕੀਤੇ 'ਐਪਾਂ' ਰਾਹੀਂ ਵੀ ਨਵੀਂ ਵਿਕਸਿਤ ਕੀਤੀ ਤਕਨਾਲੋਜੀ ਵੀ ਸਾਂਝੀ ਕੀਤੀ ਜਾਂਦੀ ਹੈ । ਜੇ ਆਪਾਂ ਵੀ ਸਮੇਂ ਦੇ ਹਾਣੀ ਬਣੀਏ ਤੇ ਇਨ੍ਹਾਂ ਨਵੀਨਤਮ ਸੰਚਾਰ ਦੇ ਮਾਧਿਅਮਾਂ ਰਾਹੀਂ ਜੁੜਕੇ ਪੰਜਾਬ ਦੇ ਖੇਤੀ ਨੂੰ ਤਕਨੀਕੀ ਲੀਹਾਂ ਤੇ ਤੋਰੀਏ ।



# ਪਾਪਲਰ-ਕਣਕ ਦੀ ਅੰਤਰਖੇਤੀ

## ਨੀਮ-ਪਹਾੜੀ ਇਲਾਕਿਆਂ ਲਈ ਇਕ ਢੁੱਕਵਾਂ ਉਪਰਾਲਾ

**ਅੰਕੁਰਦੀਪ ਪ੍ਰੀਤੀ ਅਤੇ ਉਰਵੀ ਸ਼ਰਮਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋ.98885-21917)**

ਪੰਜਾਬ ਦੇ ਚੰਗੇ ਭਵਿੱਖ ਲਈ ਖੇਤੀ ਵਿਭਿੰਨਤਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਜਿਸ ਲਈ ਖੇਤੀ ਜੰਗਲਾਤ ਇਕ ਬਹੁਤ ਹੀ ਵਧੀਆ ਉਪਰਾਲਾ ਹੈ । ਪਾਪਲਰ ਪੰਜਾਬ ਰਾਜ ਵਿਚ ਖੇਤੀ ਜੰਗਲਾਤ ਲਈ ਸਭ ਤੋਂ ਵੱਧ ਕਿਫਾਇਤੀ ਅਤੇ ਢੁੱਕਵੇਂ ਰੁੱਖ ਵਜੋਂ ਉੱਭਰਿਆ ਹੈ । ਇਸ ਰੁੱਖ ਦੇ ਗੁਣ ਜਿਵੇਂ ਕਿ ਤੇਜ਼ ਅਤੇ ਇਕ ਸਾਰ ਵਾਧਾ, ਛੋਟੀ ਛਤਰੀ ਕਾਰਨ ਅੰਤਰਖੇਤੀ ਵਾਲੀਆਂ ਫਸਲਾਂ 'ਤੇ ਘੱਟ ਛਾਂ ਪੈਣਾ, ਆਦਿ ਇਸ ਹੇਠ ਫਸਲਾਂ ਦੀ ਕਾਸ਼ਤ ਕਰਨਾ ਸੌਖਾਲਾ ਕਰ ਦਿੰਦੇ ਹਨ । ਇਸਦੇ ਪੱਤੇ ਸਰਦੀਆਂ ਵਿਚ ਝੜ ਜਾਂਦੇ ਹਨ ਜਿਸ ਕਾਰਣ ਭਰਪੂਰ ਸੂਰਜ ਦੀ ਰੋਸ਼ਨੀ ਮਿਲਣ ਨਾਲ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਹੋਰ ਵੀ ਸੌਖੀ ਹੋ ਜਾਂਦੀ ਹੈ । ਪਾਪਲਰ ਵਿਚ ਅੰਤਰਖੇਤੀ ਕਰਨਾ ਬਹੁਤ ਜ਼ਿਆਦਾ ਫਾਇਦੇਮੰਦ ਰਹਿੰਦਾ ਹੈ ਕਿਉਂਕਿ ਇਸ ਨਾਲ ਨਾ ਸਿਰਫ ਕੁਲ ਆਮਦਨ ਵਿਚ ਵਾਧਾ ਹੁੰਦਾ ਹੈ । ਅੰਤਰਖੇਤੀ ਲਈ ਹਾੜ੍ਹੀ ਦੌਰਾਨ, ਕਣਕ, ਸਰ੍ਹੋਂ, ਬਰਸੀਮ, ਜਵੀ, ਆਲੂ, ਪਿਆਜ਼ ਆਦਿ ਦੀ ਕਾਸ਼ਤ ਪਾਪਲਰ ਹੇਠ ਕੀਤੀ ਜਾ ਸਕਦੀ ਹੈ ।

ਕਣਕ ਪੰਜਾਬ ਦੀ ਮੁੱਖ ਹਾੜੀ ਦੀ ਫਸਲ ਹੈ । ਪਾਪਲਰ ਹੇਠ ਕਣਕ ਦੀ ਅੰਤਰ ਖੇਤੀ ਵਜੋਂ ਕਾਸ਼ਤ ਰੁੱਖਾਂ ਦੀ ਕਟਾਈ ਦੇ ਸਮੇਂ ਤੱਕ ਸਭ ਤੋਂ ਵੱਧ ਲਾਭ ਦਿੰਦੀ ਹੈ । ਛੇ ਸਾਲ ਦੀ ਉਮਰ ਦੇ ਪਾਪਲਰ ਹੇਠ ਕਾਸ਼ਤ ਕੀਤੀ ਗਈ ਕਣਕ ਤੋਂ ਖੁੱਲੇ ਵਿਚ ਬੀਜੀ ਕਣਕ ਦੀ ਫਸਲ ਦਾ ਲਗਭਗ 60 ਪ੍ਰਤੀਸ਼ਤ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ, ਜੋ ਕਿ ਆਰਥਿਕ ਤੌਰ 'ਤੇ ਲਾਹੇਵੰਦ ਹੈ । ਕਣਕ ਦੀਆਂ ਹੋਰ ਕਿਸਮਾਂ ਦੇ ਮੁਕਾਬਲੇ ਪੀ ਬੀ ਡਬਲਯੂ 725 ਅਤੇ ਪੀ ਬੀ ਡਬਲਯੂ 677 ਕਿਸਮਾਂ ਪਾਪਲਰ ਹੇਠ ਵੱਧ ਝਾੜ ਦਿੰਦੀਆਂ ਹਨ । ਵਧੀਆ ਝਾੜ ਲੈਣ ਲਈ ਕਣਕ ਦੀ ਬਿਜਾਈ ਨਵੰਬਰ ਦੇ ਪਹਿਲੇ ਪੰਦਰਵਾੜੇ ਵਿਚ ਕਰਨੀ ਚਾਹੀਦੀ ਹੈ । ਇਸ ਤੋਂ ਇਲਾਵਾ, ਕਣਕ ਦੀ ਨਿਰੋਲ ਫਸਲ ਨਾਲੋਂ 25% ਵੱਧ ਬੀਜ ਅਤੇ ਖਾਦ ਦੀ ਮਾਤਰਾ ਦੀ ਵਰਤੋਂ ਕਰਨ ਨਾਲ ਪਾਪਲਰ ਵਿਚ ਅੰਤਰ-ਖੇਤੀ ਵਾਲੀ ਕਣਕ ਦਾ ਵੱਧ ਝਾੜ ਮਿਲਦਾ ਹੈ । ਪਾਪਲਰ ਆਧਾਰਿਤ ਵਣਖੇਤੀ ਪ੍ਰਣਾਲੀ ਤੋਂ ਵੱਧ ਆਮਦਨ ਪ੍ਰਾਪਤ ਕਰਨ ਲਈ ਰੁੱਖਾਂ ਦੀ ਆਪਸ ਵਿਚ ਦੂਰੀ ਅਤੇ ਦਿਸ਼ਾ ਜ਼ਰੂਰੀ ਭੂਮਿਕਾ ਨਿਭਾਉਂਦੀ ਹੈ । ਉੱਤਰ-ਦੱਖਣ ਦਿਸ਼ਾ ਵਿਚ ਰੁੱਖ ਦੀਆਂ ਕਤਾਰਾਂ ਦੇ ਨਾਲ 8 ਮੀਟਰ (ਕਤਾਰ ਤੋਂ ਕਤਾਰ) ਅਤੇ 2.5 ਮੀਟਰ (ਬੂਟੇ ਤੋਂ ਬੂਟਾ) ਦੀ ਦੂਰੀ 'ਤੇ ਲਗਾਏ ਗਏ ਪਾਪਲਰ ਦੇ ਰੁੱਖਾਂ ਹੇਠ ਕਣਕ ਦਾ ਵੱਧ ਝਾੜ ਮਿਲਦਾ ਹੈ ਜਿਸ ਦਾ ਮੁੱਖ ਕਾਰਨ ਅੰਤਰ-ਖੇਤੀ ਵਾਲੀ ਜਗ੍ਹਾ 'ਤੇ ਉੱਗ ਰਹੀ ਕਣਕ ਦੀ ਫਸਲ ਨੂੰ ਸੂਰਜ ਦੀ ਜ਼ਿਆਦਾ ਰੋਸ਼ਨੀ ਮਿਲਣਾ ਹੈ । ਵੱਧ ਝਾੜ ਤੋਂ ਇਲਾਵਾ, ਇਹ ਦੂਰੀ ਅਪਨਾਉਣ ਨਾਲ ਕਣਕ ਦੀ ਫਸਲ ਦੀ ਮਸ਼ੀਨਾਂ ਰਾਹੀਂ ਬਿਜਾਈ ਅਤੇ ਕਟਾਈ ਵੀ ਸੰਭਵ ਹੋ ਜਾਂਦੀ ਹੈ, ਜਿਹੜੀ ਕਿ ਅੰਤਰ-ਖੇਤੀ ਨੂੰ ਅਸਾਨ ਕਰਦੀ ਹੈ ।

ਵੱਖ-ਵੱਖ ਕੀੜੇ-ਮਕੌੜੇ ਅਤੇ ਬੀਮਾਰੀਆਂ ਕਣਕ ਅਤੇ ਪਾਪਲਰ ਦੇ ਰੁੱਖਾਂ, ਦੋਵਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ । ਇਸ ਲਈ, ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੇ ਸੰਕਰਮਣ ਦੀ ਨਿਗਰਾਨੀ ਕਰਨਾ ਮਹੱਤਵਪੂਰਨ ਹੈ ਤਾਂ ਜੋ ਸਮੇਂ ਸਿਰ ਇਹਨਾਂ ਦਾ ਲੋੜ ਅਨੁਸਾਰ ਹੱਲ ਕੀਤਾ ਜਾ ਸਕੇ ਅਤੇ ਨੁਕਸਾਨ ਨੂੰ ਰੋਕਿਆ ਜਾ ਸਕੇ ।



# ਮਟਰਾਂ ਦੇ ਉਖੇੜੇ ਰੋਗ ਅਤੇ ਤਣੇ ਦੀ ਮੱਖੀ ਦੀ ਰੋਕਥਾਮ ਕਿਵੇਂ ਕਰੀਏ?



ਪਰਮਿੰਦਰ ਕੌਰ ਅਤੇ
ਪਰਮਜੀਤ ਸਿੰਘ, ਫਾਰਮ ਸਲਾਹਕਾਰ
ਸੇਵਾ ਕੇਂਦਰ, ਤਰਨ ਤਾਰਨ ।

ਮਟਰ ਠੰਢੇ ਮੌਸਮ ਦੀ ਮੁੱਖ ਫਸਲ ਹੋਣ ਕਰਕੇ ਵੱਧ ਤਾਪਮਾਨ ਨਹੀਂ ਸਹਾਰ ਸਕਦੇ । ਇਨ੍ਹਾਂ ਦੇ ਸਹੀ ਵਾਧੇ ਲਈ 20 ਤੋਂ 25 ਡਿਗਰੀ ਸੈਂਟੀਗ੍ਰੇਡ ਤਾਪਮਾਨ ਹੀ ਉੱਤਮ ਮੰਨਿਆ ਜਾਂਦਾ ਹੈ । ਮਟਰਾਂ ਦੀ ਫਸਲ ਲਈ ਸਹੀ ਇਲਾਕਾ ਉਹ ਹੀ ਹੈ, ਜਿੱਥੇ ਗਰਮੀ ਤੋਂ ਸਰਦੀ ਰੁੱਤ ਦਾ ਬਦਲਾਅ ਹੌਲੀ-ਹੌਲੀ ਹੁੰਦਾ ਹੈ । ਜੇ ਤਾਪਮਾਨ 30 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਜਾਵੇ ਤਾਂ ਬੂਟਿਆਂ ਦੀ ਉੱਗਣ ਸ਼ਕਤੀ ਬਹੁਤ ਘੱਟ ਜਾਂਦੀ ਹੈ ਅਤੇ ਬੂਟੇ ਉੱਗਣ ਸਮੇਂ ਹੀ ਮਰ ਜਾਂਦੇ ਹਨ । ਜੇਕਰ ਫਸਲ ਵਧਣ ਸਮੇਂ ਤਾਪਮਾਨ ਜ਼ਿਆਦਾ ਹੋਵੇ ਤਾਂ ਉਖੇੜਾ ਰੋਗ ਅਤੇ ਤਣੇ ਦੀ ਮੱਖੀ ਫਸਲ 'ਚ ਬੂਟਿਆਂ ਦੀ ਗਿਣਤੀ ਘਟਾ ਕੇ ਪੈਦਾਵਾਰ 'ਚ ਨੁਕਸਾਨ ਕਰਦੀ ਹੈ। ਮਟਰਾਂ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ 'ਚ ਹੋ ਸਕਦੀ ਹੈ ਪਰ ਚੰਗੇ ਜਲ ਨਿਕਾਸ ਵਾਲੀ ਮੈਰਾ ਜ਼ਮੀਨ ਸਭ ਤੋਂ ਵਧੀਆ ਹੈ । ਇਸ ਲਈ ਅਗੇਤੇ ਮਟਰਾਂ ਤੋਂ ਚੰਗਾ ਝਾੜ ਲੈਣ ਲਈ ਉਖੇੜਾ ਰੋਗ ਅਤੇ ਤਣੇ ਦੀ ਮੱਖੀ ਬਾਰੇ ਜਾਣਕਾਰੀ ਅਤੇ ਰੋਕਥਾਮ ਅਤਿ ਜ਼ਰੂਰੀ ਹੈ ।

**ਉਖੇੜਾ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ** : ਇਹ ਰੋਗ ਅਗੇਤੀ ਫਸਲ ਨੂੰ ਜ਼ਿਆਦਾ ਲੱਗਦਾ ਹੈ ਅਤੇ ਕਈ ਤਰ੍ਹਾਂ ਦੀਆਂ ਉੱਲੀਆਂ ਰਲ ਕੇ ਹਮਲਾ ਕਰਦੀਆਂ ਹਨ। ਬਿਮਾਰੀ ਦੀਆਂ ਉੱਲੀਆਂ ਜ਼ਮੀਨ 'ਚ ਕਈ ਸਾਲ ਜਿਊਂਦੀਆਂ ਰਹਿੰਦੀਆਂ ਹਨ । ਲਾਲ ਭੂਰੇ ਰੰਗ ਦੇ ਧੱਬੇ ਜ਼ਮੀਨ ਪੱਧਰ 'ਤੇ ਬੂਟੇ ਨੂੰ ਪੈ ਜਾਂਦੇ ਹਨ, ਜਿਸ ਕਰਕੇ ਬੂਟੇ ਪੀਲੇ ਅਤੇ ਸੁੱਕ ਜਾਂਦੇ ਹਨ । ਜੜ੍ਹਾਂ ਗਲ ਜਾਂਦੀਆਂ ਹੈ ।

**ਰੋਕਥਾਮ** : ਉਖੇੜਾ ਰੋਗ 18 ਡਿਗਰੀ ਸੈਂਟੀਗ੍ਰੇਡ ਤੋਂ ਉਪਰ ਤਾਪਮਾਨ 'ਤੇ ਸ਼ੁਰੂ ਹੋ ਸਕਦਾ ਹੈ, ਪਰ ਇਸ ਦਾ ਅਨੁਕੂਲ ਤਾਪਮਾਨ 27-30 ਡਿਗਰੀ ਸੈਂਟੀਗ੍ਰੇਡ ਹੈ । ਇਸ ਲਈ ਮਟਰਾਂ ਦੀ ਅਗੇਤੀ ਬੀਜਾਈ ਨਾ ਕਰੋ ।

ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੋਸੈਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ ।

ਅਗੇਤੀ ਫਸਲ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ ਜਿਵੇਂ ਏ.ਪੀ.-3, ਮਟਰ ਅਗੇਤਾ-6, ਮਟਰ ਅਗੇਤਾ-7, ਅਰਕਲ ਆਦਿ ।

ਪਿਛਲੇ ਸਾਲ ਆਈ ਬਿਮਾਰੀ ਵਾਲੇ ਖੇਤਾਂ 'ਚ ਅਗੇਤੀ ਫਸਲ ਨਾ ਬੀਜੋ ।

**ਤਣੇ ਦੀ ਮੱਖੀ** : ਇਸ ਮੱਖੀ ਦੀਆਂ ਸੁੰਡੀਆਂ ਅਗੇਤੀ ਫਸਲ ਦਾ ਉੱਗਣ ਵੇਲੇ ਬਹੁਤ ਨੁਕਸਾਨ ਕਰਦੀਆਂ ਹਨ । ਨਤੀਜੇ ਵਜੋਂ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਮਧਰੇ ਰਹਿ ਜਾਂਦੇ ਹਨ, ਜੋ ਕਿ ਅਕਸਰ ਮਰ ਜਾਂਦੇ ਹਨ । ਸਭ ਤੋਂ ਪਹਿਲਾਂ ਬੂਟੇ ਦੇ ਪਹਿਲੇ ਦੋ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਝੜ ਜਾਂਦੇ ਹਨ । ਕਈ ਵਾਰ ਇਹ ਨਿਸ਼ਾਨੀਆਂ ਨਾਈਟਰੋਜਨ ਦੀ ਘਾਟ ਨਾਲ ਵੀ ਰਲਦੀਆਂ ਨਜ਼ਰ ਆਉਂਦੀਆਂ ਹਨ । ਇਸ ਮੱਖੀ ਦੀ ਗਿਣਤੀ ਬਰਸਾਤ ਦੇ ਸ਼ੁਰੂ 'ਚ ਵਧਣ ਲਗ ਜਾਂਦੀ ਹੈ ਅਤੇ ਅਗਸਤ-ਸਤੰਬਰ 'ਚ ਕਾਫੀ ਵੱਧ ਜਾਂਦੀ ਹੈ, ਜੋ ਕਿ ਫਿਰ ਅਗੇਤੀ ਫਸਲ 'ਤੇ ਹਮਲਾ ਕਰਦੀ ਹੈ ।

**ਰੋਕਥਾਮ** : 1. ਇਸ ਦੀ ਰੋਕਥਾਮ ਲਈ ਬਿਜਾਈ ਅੱਧ ਅਕਤੂਬਰ ਤੋ ਬਾਅਦ ਕਰੋ ।

2. ਫਸਲ ਬੀਜਣ ਵੇਲੇ ਹੀ ਸਿਆੜਾਂ 'ਚ 10 ਕਿਲੋ ਫਿਊਰਾਡਾਨ 3 ਜੀ (ਕਾਰਬੋਫੂਰਾਨ) ਦਾਣੇਦਾਰ ਰਸਾਇਣ ਪ੍ਰਤੀ ਏਕੜ ਪਾਓ ।

3. ਦਵਾਈ ਪਾਉਣ ਸਮੇਂ ਰਬੜ ਦੇ ਦਸਤਾਨੇ ਜ਼ਰੂਰ ਵਰਤੋ ।



# ਜਦ ਮੈਂ ਸਾਰੀ ਰਾਤ ਅੱਗ ਸੇਕ ਗੁਜ਼ਾਰੀ ਸੀ

ਮੈਂ 1969-70 ਸਾਲ ਵਿਚ ਮੈਟ੍ਰਿਕ ਪਾਸ ਕੀਤੀ ਅਤੇ ਕੰਮ ਦੀ ਭਾਲ ਵਿਚ ਏਧਰ ਉਧਰ ਘੁੰਮਣ ਲੱਗ ਗਿਆ ਸੀ । ਮੇਰਾ ਬਾਪ ਇਕ ਅਨਪੜ੍ਹ ਇਨਸਾਨ ਸੀ ਅਤੇ ਸਿੱਧਾ ਸਾਦਾ ਵਿਅਕਤੀ ਮਿਹਨਤੀ ਸਿਰੜੀ ਸੀ । ਆਪਣੇ ਕੰਮ ਨੂੰ ਪਹਿਲ ਦਿੰਦਾ ਸੀ । ਜ਼ਮੀਨ ਥੋੜੀ ਹੋਣ ਕਾਰਨ ਘਰ ਦਾ ਗੁਜ਼ਾਰਾ ਵੀ ਮੁਸ਼ਕਲ ਸਹਿਤ ਚੱਲਦਾ ਸੀ ਪਰ ਬਾਪ ਸਿਰੜੀ ਸੰਤੋਖੀ ਸਹਿਣਸ਼ੀਲਤਾ ਦਾ ਪ੍ਰਤੀਕ ਸੀ । ਮਿਠ ਬੋਲੜਾ ਹਰ ਇਕ ਦਾ ਹੋ ਕੇ ਰਹਿ ਜਾਂਦਾ ਸੀ ਅਤੇ ਪਿੰਡ ਵਿਚ ਹਰ ਇਕ ਦਾ ਮਦਦਗਾਰ ਹੋ ਕੇ ਆਪਣਾ ਨਾਮ ਰੌਸ਼ਨ ਕੀਤਾ ਹੋਇਆ ਸੀ । ਜਦ ਦਸ ਪਾਸ ਕੀਤੀਆਂ, ਗਰੀਬੀ ਕਾਰਨ ਬਾਪ ਨੇ ਮੈਨੂੰ ਕੰਮ ਉੱਪਰ ਲਗਾਉਣਾ ਚਾਹਿਆ, ਮੇਰੀ ਬੇਬੇ ਨਾਲ ਸਲਾਹ ਕਰਕੇ ਮੈਨੂੰ ਮੇਰਿਆਂ ਮਾਮਿਆਂ ਕੋਲ ਅਬੋਹਰ ਕਿਸੇ ਕੰਮ ਤੇ ਲਾਉਣ ਲਈ ਛੱਡ ਆਇਆ ਸੀ ਕਿਉਂਕਿ ਮੇਰੇ ਮਾਮਿਆਂ ਦਾ ਟਰੱਕਾਂ ਦਾ ਚੰਗਾ ਨਾਮੀ ਟਰਾਂਸਪੋਰਟ ਦਾ ਧੰਦਾ ਸੀ ਉਹਨਾਂ ਦੀ ਟਰਾਂਸਪੋਰਟ ਕੰਪਨੀ ਦਾ ਨਾਮ ਉਕਾੜਾ ਗੁੱਡਸ ਟਰਾਂਸਪੋਰਟ ਕੰਪਨੀ ਲਿਮਟਿਡ ਸੀ । ਬਹੁਤ ਜ਼ਿਆਦਾ ਭਾਰੀ ਕੰਮ ਸੀ, ਅਬੋਹਰ ਦੇ ਵਿੱਚ ਉਹਨਾਂ ਦਾ ਨਾਮ ਸੀ ।

ਮੇਰਾ ਮਾਮਾ ਮੱਖਣ ਸਿੰਘ ਇਕ ਵਧੀਆ ਮਸ਼ਹੂਰ ਟਰਾਂਸਪੋਰਟਰ ਸੀ । ਮੈਨੂੰ ਇਕ ਗੱਡੀ ਤੇ ਕਲੀਨਰ ਲਗਵਾ ਦਿੱਤਾ ਸੀ ਅਤੇ ਇਹ ਟਰੱਕ ਦਿੱਲੀ ਅਬੋਹਰ 12 ਮਹੀਨੇ 30 ਦਿਨ ਚੱਲਦਾ ਸੀ । ਇਕ ਦਿਨ ਵੀ ਛੁੱਟੀ ਨਹੀਂ ਸੀ ਹੁੰਦੀ ਸੀ । ਟਰੱਕਾਂ ਵਾਲਿਆਂ ਮਨੁੱਖਾਂ ਵਿਚ ਕੋਈ ਲਿਹਾਜ ਹਮਦਰਦੀ ਪਿਆਰ ਪ੍ਰੇਮ ਵਾਲੀ ਕੋਈ ਚਿਣਗ ਨਹੀਂ ਸੀ । ਖੁਰਦਰੀ ਬੋਲੀ ਗਾਲਾਂ ਵਿਚ ਆਵਾਜ਼ਾਂ ਬੋਲ-ਬਾਣੀ ਬਿਲਕੁਲ ਮੇਰੇ ਪਸੰਦ ਨਹੀਂ ਸੀ ਕਿਉਂਕਿ ਮੇਰੀ ਉਮਰ ਵੀ ਉਸ ਵੇਲੇ ਕੋਈ 18 ਕੁ ਵਰ੍ਹਿਆਂ ਦੀ ਸੀ ਨਿਆਣਾ ਹੀ ਸੀ ਮੈਂ ਇਕ ਸਾਲ ਉਸ ਗੱਡੀ ਉਪਰ ਕੰਮ ਕੀਤਾ ਕਿਉਂਕਿ ਮੇਰਾ ਛੋਟਾ ਮਾਮਾ ਡਰਾਈਵਰ ਉਸ ਗੱਡੀ ਉਪਰ ਸੀ ਬੋਲ-ਬਾਣੀ ਉਸਦੀ ਮੇਰੇ ਅਨੁਕੂਲ ਬਿਲਕੁਲ ਨਹੀਂ ਸੀ । ਮੈਨੂੰ ਮੰਦੀਆਂ ਗੰਦੀਆਂ ਗਾਲਾਂ ਦੁੱਪੜਾ ਕੱਢਦਾ ਰਹਿੰਦਾ ਸੀ । ਪਰ ਵਕਤ ਟੱਪਦਾ ਗਿਆ ਮੈਨੂੰ ਇਹ ਟਰੱਕਾਂ ਦਾ ਧੰਦਾ ਬਿਲਕੁੱਲ ਪਸੰਦ ਨਹੀਂ ਸੀ ਪਰ ਘਰੋਂ ਤੇ ਮਾਮਿਆਂ ਤੋਂ ਡਰਦਾ ਮੈਂ ਟਰੱਕਾਂ ਦਾ ਕੰਮ ਕਰਦਾ ਰਿਹਾ ਸੀ ਅਤੇ ਮੁਸ਼ਕਲਾਂ ਨਾਲ ਸੰਘਰਸ਼ ਕਰਦਾ ਲੜਾਈ ਕਰਦਾ ਰਿਹਾ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਇਕ ਵਾਰ ਟਰੱਕਾਂ ਦਾ ਧੰਦਾ ਕਰਦਿਆਂ ਜੀਵਨ ਵਿਚ ਅਭੁੱਲ ਘਟਨਾ ਵਾਪਰੀ ਜੋ ਮੈ ਇਸ ਕੋਰੇ ਵਰਕੇ ਤੇ ਸਾਂਝੀ ਕਰ ਰਿਹਾ ਹਾਂ । ਮੈਂ ਛੋਟੇ ਮਾਮੇ ਨਾਲ ਰੋਜ਼ ਦੀ ਤਰ੍ਹਾਂ ਦਿੱਲੀ ਜਾਣ ਲਈ ਟਰੱਕ ਲੱਦਿਆ ਤੇ ਰਾਤ ਦੇ ਸਮੇਂ ਦਿੱਲੀ ਜਾਣ ਲਈ ਅਬੋਹਰ ਤੋਂ 10 ਵਜੇ ਚੱਲ ਪਏ ਅਤੇ ਗੱਡੀ ਚਲਦੀ ਗਈ ਅਤੇ ਦਿੱਲੀ ਯੂ ਪੀ ਬਾਰਡਰ ਤੇ ਜਾ ਟਰੱਕ ਖਾਲੀ ਕਰ ਲਿਆ ਅਤੇ ਉਸ ਦਿਨ ਹੀ ਆਪਣੀ ਟਰਾਂਸਪੋਰਟ ਕਰਕੇ ਅਬੋਹਰ ਦੀ ਗੱਡੀ ਲੱਦ ਲਈ ਕਿਉਂਕਿ ਦਿੱਲੀ ਤੋਂ ਕਰਿਆਣਾ ਪੰਜਾਬ ਲਈ ਸਪਲਾਈ ਹੁੰਦਾ ਹੈ । ਅਸੀਂ ਗੱਡੀ ਨੂੰ ਉੱਪਰ ਤਰਪਾਲ ਪਾ ਕੇ ਰੱਸੇ ਬੰਨ ਅਬੋਹਰ ਨੂੰ 10 ਕੁ ਵਜੇ ਚਲ ਪਏ ਸੀ ਹਿਸਾਰ ਕੋਲ ਇਕ ਪਿੰਡ ਸੋਰਖੀ ਹੈ । ਇਹ ਪਿੰਡ ਬਹੁਤ ਜ਼ਿਆਦਾ ਵੱਡਾ ਪਿੰਡ ਹੈ । ਇਸ ਪਿੰਡ ਦੇ ਬਾਈਪਾਸ ਤੇ ਗੱਡੀ ਵਿਚ ਕੋਈ ਤਕਨੀਕੀ ਨੁਕਸ ਪੈ ਗਿਆ । ਸਰਦੀ ਦੀ ਪੂਰੀ ਰੁੱਤ ਜੋਬਨ ਤੇ ਸੀ ।

ਮਾਮਾ ਰਾਤ ਨੂੰ ਕੋਈ ਮਿਸਤਰੀ ਦੀ ਭਾਲ ਵਿਚ ਅਬੋਹਰ ਹੀ ਚਲਾ ਗਿਆ ਹੈ । ਮੈਂ ਇਕੱਲਾ ਹੀ ਟਰੱਕ ਕੋਲ ਰਹਿ ਗਿਆ ਅਤੇ ਉਸ ਏਰੀਏ ਵਿਚ ਕੁੱਝ ਚੋਰ ਵੀ ਸੀ । ਮੈਂ ਉਸ ਪਿੰਡ 2 ਰਾਤਾਂ ਪੂਰੀਆਂ ਕੱਟੀਆਂ ਜਿਹੜੀਆਂ ਅੱਜ ਵੀ ਮੈਨੂੰ ਯਾਦ ਹਨ ।

ਸਿਆਲ ਦੀ ਰੁੱਤ ਵਿਚ ਮੈਂ ਥੋੜ੍ਹਾ ਥੋੜ੍ਹਾ ਕੱਪੜਾ ਲੈ ਕੇ ਅੱਗ ਬਾਲਦਾ ਰਿਹਾ ਸੀ ਸਾਰੀ ਰਾਤ ਜਾਗਦਾ ਰਹਿੰਦਾ ਕਿਉਂਕਿ ਕੋਈ ਟਰੱਕ ਵਿਚੋਂ ਸਮਾਨ ਚੋਰੀ ਨਾ ਕਰੇ । ਦੋ ਦਿਨ ਵਾਲੀਆਂ ਰਾਤਾਂ ਮਸਾਂ ਗੁਜ਼ਾਰੀਆਂ ਸਨ ਅੱਗ ਵੀ ਮੈਂ ਟਰੱਕ ਦੇ ਪਿਛਲੇ ਪਾਸੇ ਬਾਲੀ ਰੱਖੀ ਸੀ । ਅੱਗ ਸੇਕਦਾ ਹੀ ਟਰੱਕ ਵਿਚਲੇ ਸਮਾਨ ਦੀ ਰਾਖੀ ਕਰਦਾ ਰਿਹਾ ਸੀ ਮਾਮਾ ਛੋਟਾ ਤਾਂ ਆਰਾਮ ਨਾਲ ਮਿਸਤਰੀ ਨੂੰ ਲੈ ਕੇ ਅਬੋਹਰ ਤੋਂ ਗਿਆ ਸੀ ਪਰ ਜਿੰਦਰਾ ਵਿਚ ਇਹ ਪਲ ਮੇਰੇ ਲਈ ਮੁਸ਼ਕਲਾਂ ਭਰੇ ਸਨ ਅਤੇ ਤੀਸਰੇ ਦਿਨ ਗੱਡੀ ਲੈ ਕੇ ਅਸੀਂ ਅਬੋਹਰ ਨੂੰ ਚਲੇ ਅਤੇ ਘਰ ਆ ਗਏ ।

ਮੈਂ ਟਰੱਕਾਂ ਦੇ ਜੀਵਨ ਤੋਂ ਪੂਰਾ ਸਕੀ ਜਿਹਾ ਹੋ ਗਿਆ ਪਰ ਘਟਨਾ ਅੱਜ ਵੀ ਜਦ ਮੇਰੇ ਚੇਤੇ ਵਿਚ ਆਉਂਦੀ ਤਾਂ ਲੂੰ ਕੰਡੇ ਖੜੇ ਹੋ ਜਾਂਦੇ ਹਨ ਥੋੜ੍ਹੀ ਦੇਰ ਬਾਅਦ ਹੀ ਮੈਂ ਪਿੰਡ ਆ ਦੁਬਾਰਾ ਬੀ ਐਸ ਸੀ ਕਰਨ ਲੱਗਿਆ ।

# ਧਰਤੀ ਮਾਂ ਦੀ ਪੁਕਾਰ



**ਸੁਰਜੀਤ ਸਿੰਘ ਰਾਏ**
ਪਿੰਡ ਲੰਗੇਰੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਮੋਬਾ. 94171-27559

ਤੀਲੀ ਬਾਲੀ ਲਾਈ ਪਰਾਲੀ
ਧੂੰਆਂ ਫੈਲਿਆ ਦੂਰੋ-ਦੂਰ ।
ਵੇ ਨਾ ਸਾੜ ਪੁੱਤਰਾ ਵੇ
ਸੁਣ ਤੱਤੜੀ ਦੀ ਕੂਕ ।
ਮੈਂ ਖਾਣਾ ਸਭ ਨੂੰ ਰੱਜ ਖੁਆ ਦਿੰਦੀ,
ਪਾਣੀ ਵੀ ਠੰਡਾ ਪਿਲਾ ਦਿੰਦੀ ।
ਜਦੋਂ ਸੜਦੇ ਫਸਲੀ ਮਿੱਤਰ ਕੀੜੇ,
ਬੇਵੱਸ ਮੈਂ ਮੂੰਹ ਘੁੰਮਾ ਲੈਂਦੀ ।
ਪਰਾਲੀ ਨੂੰ ਅੱਗ ਮਜ਼ਬੂਰੀ ਦੱਸਦਾਂ,
ਫਿਰ ਕਣਕ ਦੇ ਵੱਢ ਦਾ ਕੀ ਕਸੂਰ ।
ਵੇ ਨਾ ਸਾੜ ਪੁੱਤਰਾ ਵੇ
ਸੁਣ ਤੱਤੜੀ ਦੀ ਕੂਕ ।
ਰਹਿੰਦ-ਖੂੰਹਦ ਨੂੰ ਅੱਗ, ਲਗਾਉਂਦਾ ਤੂੰ,
ਹਰੇ ਭਰੇ ਦਰੱਖਤ ਜਲਾਉਂਦਾ ਤੂੰ,
ਹਰਿਆਵਲ ਕਿਉਂ ਗੁਆਉਂਦਾ ਤੂੰ,
ਵਾਤਾਵਰਣ ਨੂੰ ਨਹੀਂ ਬਚਾਉਂਦਾ ਤੂੰ,
ਦੇਖਦੇ ਸੜਦਾ ਆਲ੍ਹਣਾ ਆਪਣਾ
ਘੁੱਗੀ ਰੋਵੇ ਖੜਕੇ ਦੂਰ,
ਵੇ ਨਾ ਸਾੜ ਪੁੱਤਰਾ ਵੇ
ਸੁਣ ਤੱਤੜੀ ਦੀ ਕੂਕ ।
ਧੂੰਆਂ ਚੜ੍ਹਦਾ ਵਿਚ ਅਸਮਾਨੀ ਵੇ,
ਸਾਹ ਲੈਣ ਦੀ ਹੁੰਦੀ ਪਰੇਸ਼ਾਨੀ ਵੇ,
ਰਸਤਾ ਨਹੀਂ ਦਿਸਦਾ ਨਾਲ ਆਸਾਨੀ ਦੇ,
ਫਿਰ ਹੁੰਦੀ ਬਹੁਤ ਬਰਾਨੀ ਵੇ,
ਉਦੋਂ ਬਣਦਾ ਮੌਕਾ ਦੁਰਘਟਨਾ ਦਾ,
ਮਸ਼ੀਨਰੀ ਟੁੱਟ ਕੇ ਹੁੰਦੀ ਚਕਨਾਚੂਰ,
ਵੇ ਨਾ ਸਾੜ ਪੁੱਤਰਾ ਵੇ
ਸੁਣ ਤੱਤੜੀ ਦੀ ਕੂਕ ।
ਮੈਂ ਨੈਣਾਂ ਵਿਚ ਨੀਰ ਸੁਕਾ ਲੈਂਦੀ,
ਡਰਦੀ ਨਾ ਉੱਚੀ ਸਾਹ ਲੈਂਦੀ,
ਅੱਗ ਲਾਉਣ ਦੀ ਕੀ ਸੀ ਲੋੜ ਪਈ,
ਜਦੋਂ ਰਹਿੰਦ-ਖੂੰਹਦ ਮੈਂ ਵਿਚ ਮਿਲਾ ਲੈਂਦੀ,
'ਸੁਰਜੀਤ ਲੰਗੇਰੀ' ਮੇਰਾ ਸੀਨਾ ਸੜਕੇ,
ਹੋਇਆ ਜ਼ਖਮਾਂ ਨਾਲ ਭਰਪੂਰ,
ਵੇ ਨਾ ਸਾੜ ਪੁੱਤਰਾ ਵੇ
ਸੁਣ ਤੱਤੜੀ ਦੀ ਕੂਕ ।



# ਸਵਾਦ ਦਾ ਖਜ਼ਾਨਾ

**ਨੀਰਜਾ ਸਿੰਗਲਾ,**
ਭੋਜਨ ਅਤੇ ਪੋਸ਼ਣ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 95014-88441)

ਮੋਟੇ ਅਨਾਜ ਆਪਣੀ ਪੌਸ਼ਟਿਕ ਗੁਣਵੱਤਾ, ਭਰਪੂਰ ਰੇਸ਼ੇ ਅਤੇ ਗਲੂਟਨ ਰਹਿਤ ਹੋਣ ਕਾਰਨ ਜਾਣੇ ਜਾਂਦੇ ਹਨ । ਇਹਨਾਂ ਦੀ ਚੰਗੀ ਸਿਹਤ ਨੂੰ ਕਾਇਮ ਰੱਖਣ ਦੀ ਮਹੱਤਤਾ ਨੂੰ ਦੇਖਦੇ ਹੋਏ ਸੰਯੁਕਤ ਰਾਜ ਦੁਆਰਾ ਵਰ੍ਹੇ 2023 ਨੂੰ 'ਮੋਟੇ ਅਨਾਜਾਂ ਦਾ ਅੰਤਰ-ਰਾਸ਼ਟਰੀ ਵਰ੍ਹਾ' ਵਜੋਂ ਘੋਸ਼ਿਤ ਕੀਤਾ ਗਿਆ ਹੈ । ਰਾਗੀ ਇਕ ਇਹੋ ਜਿਹਾ ਮੋਟਾ ਅਨਾਜ ਹੈ, ਜੋ ਕਿ ਦੱਖਣ ਭਾਰਤ ਅਤੇ ਅਫਰੀਕਾ ਵਰਗੇ ਦੇਸ਼ਾਂ ਵਿਚ ਬਹੁਤ ਵਰਤਿਆ ਜਾਂਦਾ ਹੈ । ਇਹ ਪ੍ਰੋਟੀਨ, ਕੈਲਸ਼ੀਅਮ, ਕੰਪਲੈਕਸ ਕਾਰਬੋਜ਼ ਅਤੇ ਖੁਰਾਕੀ ਰੇਸ਼ੇ ਦਾ ਮਹੱਤਵਪੂਰਨ ਸੋਮਾ ਹੈ । ਇਹ ਸਾਰੇ ਖੁਰਾਕੀ ਤੱਤ ਸਾਡੀ ਭੁੱਖ ਨੂੰ ਕਾਬੂ ਕਰਨ, ਭਾਰ ਨੂੰ ਘਟਾਉਣ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਣ ਵਿਚ ਮਦਦ ਕਰਦੇ ਹਨ ।

## ਰਾਗੀ ਟਿੱਕੀ

| ਸਮਾਨ | ਮਾਤਰਾ (ਗ੍ਰਾਮ) |
|---|---|
| ਰਾਗੀ ਦਾ ਆਟਾ | 100 |
| ਆਲੂ | 250 |
| ਪਿਆਜ਼ | 50 |
| ਅਦਰਕ | 10 |
| ਹਰੀ ਮਿਰਚ | 1-2 |
| ਸ਼ਿਮਲਾ ਮਿਰਚ | 50 |
| ਮੱਕੀ ਦੇ ਦਾਣੇ (ਉਬਲੇ ਹੋਏ) | 25 |
| ਗਾਜਰ | 50 |
| ਫਲੀਆਂ | 25 |
| ਧਨੀਆ(ਹਰਾ) | ਥੋੜਾ ਜਿਹਾ |
| ਚਾਟ ਮਸਾਲਾ | 10 |
| ਗਰਮ ਮਸਾਲਾ | 5-10 |
| ਸੁੱਕੀ ਬਰੈੱਡ ਦਾ ਚੂਰਾ | 50 |

**ਤਰੀਕਾ :**

1. ਆਲੂਆਂ ਨੂੰ ਉਬਾਲ ਕੇ ਠੰਡਾ ਕਰ ਲਓ ਅਤੇ ਛਿੱਲਣ ਤੋਂ ਬਾਅਦ ਚੰਗੀ ਤਰ੍ਹਾਂ ਫੇਹ ਲਓ ।
2. ਉੱਪਰ ਦੱਸੀਆਂ ਸਾਰੀਆਂ ਸਬਜ਼ੀਆਂ, ਪਿਆਜ਼, ਅਦਰਕ ਅਤੇ ਹਰੀ ਮਿਰਚ ਨੂੰ ਬਰੀਕ-ਬਰੀਕ ਕੱਟ ਲਓ ।
3. ਸਾਰੀਆਂ ਸਬਜ਼ੀਆਂ ਅਤੇ ਪਿਆਜ਼ ਆਦਿ ਨੂੰ ਫੇਹੇ ਹੋਏ ਆਲੂਆਂ ਵਿਚ ਰਲਾ ਲਓ ।
4. ਮਿਸ਼ਰਣ ਵਿਚ ਅੱਧਾ ਰਾਗੀ ਦਾ ਆਟਾ (50 ਗ੍ਰਾਮ) ਚੰਗੀ ਤਰ੍ਹਾਂ ਰਲਾ ਲਓ ।
5. ਫਿਰ ਨਮਕ ਅਤੇ ਬਾਕੀ ਸਾਰੇ ਮਸਾਲੇ ਚੰਗੀ ਤਰ੍ਹਾਂ ਰਲਾ ਲਓ ।
6. ਹੁਣ ਇਸ ਮਿਸ਼ਰਣ ਦੀਆਂ ਟਿੱਕੀਆਂ ਤਿਆਰ ਕਰ ਲਓ ।
7. ਇਕ ਬਰਤਨ ਵਿਚ ਬਾਕੀ ਬਚੇ ਰਾਗੀ ਦੇ ਆਟੇ (ਤਕਰੀਬਨ 50 ਗ੍ਰਾਂਮ) ਨੂੰ ਪਾਣੀ ਵਿਚ ਰਲਾ ਕੇ ਪਤਲਾ ਜਿਹਾ ਘੋਲ ਬਣਾ ਲਓ ।
8. ਟਿੱਕੀ ਨੂੰ ਰਾਗੀ ਦੇ ਘੋਲ ਵਿਚ ਡੁਬਾਉਣ ਤੋਂ ਬਾਅਦ ਸੁੱਕੀ ਬਰੈੱਡ ਦੇ ਚੂਰੇ ਵਿਚ ਚੰਗੀ ਤਰ੍ਹਾਂ ਲਪੇਟ ਲਓ ।
9. ਗਰਮ ਤੇਲ ਵਿਚ ਤਲ ਲਓ ਅਤੇ ਹਰੀ ਚਟਨੀ/ਟਮਾਟਰਾਂ ਦੀ ਚਟਨੀ/ਇਮਲੀ ਦੀ ਚਟਨੀ ਨਾਲ ਗਰਮ-ਗਰਮ ਪਰੋਸੋ ।

## ਰਾਗੀ ਚੋਕਲੇਟ ਬਾਲਜ਼

| ਸਮਾਨ | ਮਾਤਰਾ (ਗ੍ਰਾਮ |
|---|---|
| ਰਾਗੀ ਦਾ ਆਟਾ | 80 |
| ਨਾਰੀਅਲ ਦਾ ਬੁਰਾਦਾ | 180 |
| ਕੋਕੋ ਪਾਊਡਰ | 10 |
| ਕੰਡੈਂਸਡ ਦੁੱਧ | 150 |
| ਚੌਕਲੇਟ | 250 |

**ਤਰੀਕਾ :**

1. ਰਾਗੀ ਦੇ ਆਟੇ ਨੂੰ ਘੱਟ ਸੇਕ ਤੇ ਭੁੰਨ ਲਓ ਅਤੇ ਠੰਡਾ ਹੋਣ ਲਈ ਰੱਖ ਦਿਓ ।
2. ਇਕ ਹੋਰ ਬਰਤਨ ਵਿਚ ਕੋਕੋ ਪਾਊਡਰ, ਕੰਡੈਂਸਡ ਦੁੱਧ ਅਤੇ ਨਾਰੀਅਲ ਦਾ ਬੁਰਾਦਾ ਪਾ ਕੇ ਚੰਗੀ ਤਰ੍ਹਾਂ ਰਲਾ ਲਉ ।
3. ਇਸ ਮਿਸ਼ਰਣ ਨੂੰ ਰਾਗੀ ਦੇ ਆਟੇ ਵਿਚ ਚੰਗੀ ਤਰ੍ਹਾਂ ਰਲਾ ਲਉ ।
4. ਨਰਮ ਆਟੇ ਵਰਗਾ ਬਣਾ ਕੇ ਉਸ ਵਿਚੋਂ ਛੋਟੇ-ਛੋਟੇ ਗੋਲੇ ਬਣਾ ਲਉ ਅਤੇ ਫਰਿੱਜ ਵਿਚ 15-20 ਮਿੰਟ ਲਈ ਰੱਖ ਦਿਓ ।
5. ਇਕ ਪਾਸੇ ਚੌਕਲੇਟ ਨੂੰ ਗਰਮ ਪਾਣੀ ਦੇ ਉੱਪਰ ਇਕ ਬਰਤਨ ਰੱਖ ਕੇ ਉਸ ਵਿਚ ਪਿਘਲਾ ਲਉ । ਰਾਗੀ ਦੇ ਗੋਲਿਆਂ ਨੂੰ ਪਿਘਲੀ ਹੋਈ ਚੌਕਲੇਟ ਵਿਚ ਲਪੇਟ ਲਉ ਅਤੇ ਫਿਰ 10-15 ਮਿੰਟ ਵਿਚ ਠੰਡਾ ਹੋਣ ਲਈ ਰੱਖ ਦਿਓ ।




# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ 60 ਸਾਲਾ ਸੁਨਹਿਰੀ ਸਫਰ



ਡਾ. ਰਣਜੀਤ ਸਿੰਘ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਆਪਣੇ 60 ਸਾਲ ਪੂਰੇ ਕਰ ਲਏ ਹਨ। ਇਸ ਵਰ੍ਹੇ ਸੰਸਥਾ ਦੀ ਡਾਇਮੰਡ ਜੁਬਲੀ ਮਨਾਈ ਜਾ ਰਹੀ ਹੈ। ਇਹ ਸੰਸਥਾ ਸੰਸਾਰ ਦੀਆਂ ਉਨ੍ਹਾਂ ਕੁਝ ਕੁ ਚੋਟੀ ਦੀਆਂ ਖੇਤੀ ਸੰਸਥਾਵਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਖੇਤੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਯੂਨੀਵਰਸਿਟੀ ਨੇ ਕੇਵਲ ਖੋਜ ਵਿਚ ਹੀ ਮੱਲਾਂ ਨਹੀਂ ਮਾਰੀਆਂ ਸਗੋਂ ਇਸ ਨੂੰ ਕਿਸਾਨਾਂ ਤਕ ਪਹੁੰਚਾਇਆ ਅਤੇ ਇਸ ਨੂੰ ਅਪਨਾਉਣ ਲਈ ਉਤਸਾਹਿਤ ਕੀਤੀ ਅਤੇ ਹਰ ਤਰ੍ਹਾਂ ਦੀ ਸਹਾਇਤਾ ਵੀ ਕੀਤੀ। ਭਾਰਤ ਵਿਚ ਤਾਂ ਕੀ ਸੰਸਾਰ ਵਿਚ ਵੀ ਕੋਈ ਹੋਰ ਅਜੇਹੀ ਸੰਸਥਾ ਨਹੀਂ ਹੋਵੇਗੀ ਜਿਸ ਦੇ ਕਿਸਾਨਾਂ ਨਾਲ ਇਸ ਵਾਂਗ ਨੇੜਲੇ ਸੰਬੰਧ ਹੋਣ। ਪੰਜਾਬ ਦਾ ਕੋਈ ਅਜੇਹਾ ਕਿਸਾਨ ਨਹੀਂ ਹੈ ਜਿਹੜਾ ਇਸ ਤੋਂ ਜਾਣੂ ਨਾ ਹੋਵੇ ਅਤੇ ਇਥੋਂ ਵਿਕਸਤ ਹੋਏ ਢੰਗ ਤਰੀਕਿਆਂ ਨੂੰ ਨਾ ਅਪਨਾਇਆ ਹੋਵੇ। ਹਰੇਕ ਸਾਲ ਲੱਖਾਂ ਕਿਸਾਨ ਤੇ ਕਿਸਾਨ ਬੀਬੀਆਂ ਇਸ ਦੇ ਖੇਤਾਂ ਵਿਚ ਗੇੜਾ ਲਾਉਂਦੇ ਹਨ। ਵਿਦਿਆ ਦੇ ਖੇਤਰ ਵਿਚ ਇਥੋਂ ਦੇ ਵਿਦਿਆਰਥੀਆਂ ਦੀ ਅਹਿਮ ਪ੍ਰਾਪਤੀਆਂ ਹਨ। ਸੰਸਾਰ ਦੀਆਂ ਪ੍ਰਮੁੱਖ ਖੇਤੀ ਸੰਸਥਾਵਾਂ ਵਿਚ ਇਥੋਂ ਦੇ ਪਾੜ੍ਹੇ ਬਤੌਰ ਵਿਗਿਆਨੀ ਕੰਮ ਕਰ ਰਹੇ ਹਨ। ਖੇਡਾਂ, ਸਾਹਿਤ, ਪ੍ਰਬੰਧਕੀ ਅਫਸਰੀਆਂ ਤੇ ਫੌਜ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਯੂਨੀਵਰਸਿਟੀ ਦੀਆਂ ਪ੍ਰਾਪਤੀ ਦਾ ਸਿਹਰਾ ਜਿਥੇ ਇਥੋਂ ਦੇ ਮਿਹਨਤੀ ਅਤੇ ਸੂਝਵਾਨ ਵਿਗਿਆਨੀਆਂ ਨੂੰ ਜਾਂਦਾ ਹੈ ਉਥੇ ਇਸ ਦੇ ਪ੍ਰਬੰਧਕਾਂ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਇਸ ਯੂਨੀਵਰਸਿਟੀ ਦੀ ਸਥਾਪਨਾ 1962 ਵਿਚ ਹੋਈ ਪਰ ਰਸਮੀ ਉਦਘਾਟਨ ਉਦੋਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਹੋਰਾਂ ਅੱਠ ਜੁਲਾਈ 1963 ਨੂੰ ਕੀਤਾ ਸੀ। ਦੇਸ਼ ਵਿਚ ਬਣਨ ਵਾਲੀ ਇਹ ਦੂਜੀ ਖੇਤੀ ਯੂਨੀਵਰਸਿਟੀ ਸੀ। ਪਿਛਲੇ 60 ਸਾਲਾਂ ਵਿਚ ਦੇਸ਼ ਦੀਆਂ ਸਾਰੀਆਂ ਖੇਤੀ ਯੂਨੀਵਰਸਿਟੀਜ਼ ਵਿਚ ਇਸ ਨੇ ਆਪਣਾ ਪਹਿਲਾ ਸਥਾਨ ਬਣਾਈ ਰੱਖਿਆ ਹੈ।

ਯੂਨੀਵਰਸਿਟੀ ਦੀ ਸਫਲਤਾ ਦਾ ਸਭ ਤੋਂ ਵੱਧ ਹਿੱਸਾ ਉਦੋਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੂੰ ਜਾਂਦਾ ਹੈ। ਉਨ੍ਹਾਂ ਬਿਨਾਂ ਕਿਸੇ ਰਾਜਸੀ ਦਖਲ ਅੰਦਾਜੀ ਦੇ ਇਸ ਦੀ ਸਥਾਪਤੀ ਲਈ ਹਰ ਤਰ੍ਹਾਂ ਨਾਲ ਖੁੱਲ੍ਹ ਕੇ ਸਹਾਇਤਾ ਕੀਤੀ। ਉਨ੍ਹਾਂ ਨੇ ਸ੍ਰੀ ਪੀ ਐਨ ਥਾਪਰ ਆਈ ਸੀ ਐਸ ਨੂੰ ਪਹਿਲਾ ਵਾਈਸ ਚਾਂਸਲਰ ਬਣਾਇਆ। ਥਾਪਰ ਸਾਹਿਬ, ਕਾਬਲ, ਦੂਰਅੰਦੇਸ਼ ਤੇ ਅਨੁਸ਼ਾਸਨ ਵਿਚ ਵਿਸ਼ਵਾਸ ਰੱਖਣ ਵਾਲੇ ਅਧਿਕਾਰੀ ਸਨ। ਵਾਈਸ ਚਾਂਸਲਰ ਦਾ ਦਫਤਰ ਚੰਡੀਗੜ੍ਹ ਸੀ ਕਿਉਂਕਿ ਉਦੋਂ ਯੂਨੀਵਰਸਿਟੀ ਦੇ ਤਿੰਨ ਕੈਂਪਸ ਲੁਧਿਆਣਾ, ਹਿਸਾਰ ਅਤੇ ਪਾਲਮਪੁਰ ਸਨ ਅਤੇ ਸਾਰੇ ਸੂਬੇ ਵਿਚ ਹੀ ਖੋਜ ਤੇ ਪਸਾਰ ਕੇਂਦਰ ਸਨ। ਉਨ੍ਹਾਂ ਦਾ ਦਬਦਬਾ ਇਤਨਾ ਸੀ ਕਿ ਕਦੇ ਕਿਸੇ ਅਧਿਆਪਕ ਜਾਂ ਕਰਮਚਾਰੀ ਨੇ ਪੰਜ ਮਿੰਟ ਪੱਛੜ ਕੇ ਆਉਣ ਦਾ ਹੌਂਸਲਾ ਨਹੀਂ ਕੀਤਾ। ਸਾਰੇ ਹੀ ਪੂਰੀ ਇਮਾਨਦਾਰੀ ਨਾਲ ਵਧ ਚੜ੍ਹ ਕੇ ਕੰਮ ਕਰਦੇ ਸਨ। ਥਾਪਰ ਨੇ ਨਿਰੋਲ ਮੈਰਿਟ ਦੇ ਆਧਾਰ ਉੱਤੇ ਸਾਰੇ ਦੇਸ਼ ਵਿਚੋਂ ਲੱਭ ਵਧੀਆ ਮਾਹਿਰ ਭਰਤੀ ਕੀਤੇ। ਇੰਝ ਇਕ ਮਜਬੂਤ ਸੰਸਥਾ ਦੀ ਨੀਂਹ ਰੱਖੀ ਗਈ। ਡਾ. ਥਾਪਰ ਪਿਛੋਂ ਡਾ. ਮਹਿੰਦਰ ਸਿੰਘ ਰੰਧਾਵਾ ਆਈ ਸੀ ਐਸ ਦੂਜੇ ਵਾਈਸ ਚਾਂਸਲਰ ਬਣੇ ਅਤੇ ਇਸੇ ਪ੍ਰੰਪਰਾ ਨੂੰ ਜਾਰੀ ਰੱਖਿਆ ਜਿਸ ਕਰਕੇ ਯੂਨੀਵਰਸਿਟੀ ਨੇ ਨਵੀਆਂ ਬੁਲੰਦੀਆਂ ਛੂਹੀਆਂ। ਉਨ੍ਹਾਂ ਕੇਵਲ ਵਧੀਆ ਕੰਮਕਾਰੀ ਮਾਹੌਲ ਹੀ ਨਹੀਂ ਬਣਾਈ ਰੱਖਿਆ ਸਗੋਂ ਚੌਗਿਰਦੇ ਨੂੰ ਵੀ ਸੁੰਦਰ ਬਣਾਇਆ। ਇਸ ਸੰਸਥਾ ਦੀ ਕੀਰਤੀ ਸਾਰੇ ਸੰਸਾਰ ਵਿਚ ਫੈਲੀ ਅਤੇ ਦੂਰੋਂ ਦੂਰੋਂ ਲੋਕੀਂ ਇਸ ਨੂੰ ਵੇਖਣ ਆਉਣ ਲੱਗੇ। ਯੂਨੀਵਰਸਿਟੀ ਨੇ ਪੰਜਾਬ ਦੇ ਕਿਸਾਨਾਂ ਵਿਚ ਕੇਵਲ ਵਿਗਿਆਨਕ ਸੋਚ ਨੂੰ ਹੀ ਵਿਕਸਤ ਨਹੀਂ ਕੀਤਾ ਸਗੋਂ ਵਿਗਿਆਨਕ ਖੋਜਾਂ ਉੱਤੇ ਭਰੋਸਾ ਵੀ ਕਰਵਾਇਆ। ਜਿਸ ਤੇਜੀ ਨਾਲ ਸਤਰਵਿਆਂ ਵਿਚ ਪੰਜਾਬ ਦਾ ਖੇਤੀ ਵਿਕਾਸ ਹੋਇਆ ਉਸੇ ਤੇਜੀ ਨਾਲ ਸੰਸਾਰ ਦੇ ਹੋਰ ਕਿਸੇ ਖਿੱਤੇ ਵਿਚ ਖੇਤੀ ਵਿਕਾਸ ਨਹੀ ਹੋਇਆ। ਇਸੇ ਕਰਕੇ ਇਸ ਨੂੰ ਹਰੇ ਇਨਕਲਾਬ ਦਾ ਨਾਮ ਦਿੱਤਾ ਗਿਆ। ਇਹ ਵੀ ਮਾਣ ਵਾਲੀ ਗੱਲ ਹੈ ਕਿ ਰੰਧਾਵਾ ਸਾਹਿਬ ਪਿਛੋਂ ਜਿਤਨੇ ਵੀ ਵਾਇਸ ਚਾਂਸਲਰ ਬਣੇ ਉਹ ਸਾਰੇ ਇਥੋਂ ਦੇ ਖੇਤੀ ਕਾਲਜ ਦੇ ਵਿਦਿਆਰਥੀ ਹੀ ਰਹੇ ਹਨ। ਸਾਰਿਆਂ ਨੇ ਹੀ ਆਪਣੀ ਸਮਰੱਥਾ ਅਤੇ ਲੋੜ ਅਨੁਸਾਰ ਅਹਿਮ ਯੋਗਦਾਨ ਪਾਇਆ ਹੈ। ਮੌਜੂਦਾ ਵਾਈਸ ਚਾਂਸਲਰ ਡਾ. ਸਤਿਬੀਤ ਸਿੰਘ ਗੋਸਲ ਜਿੱਥੇ ਆਪ ਉਚ ਕੋਟੀ ਦੇ ਵਿਗਿਆਨੀ ਹਨ ਉੱਥੇ ਇਕ ਇਮਾਨਦਾਰ, ਮਿਠਬੋਲੜੇ ਅਤੇ ਕੁਸ਼ਲ ਪ੍ਰਬੰਧਕ ਵੀ ਹਨ। ਉਨ੍ਹਾਂ ਆਉਂਦਿਆਂ ਹੀ ਯੂਨੀਵਰਸਿਟੀ ਦਾ ਮੂੰਹ ਮੱਥਾ ਮੁੜ ਸ਼ਿੰਗਾਰਨਾ ਸ਼ੁਰੂ ਕੀਤਾ ਹੈ ਅਤੇ ਖੋਜ ਦੇ ਪ੍ਰੋਗਰਾਮ ਨੂੰ ਸੂਬੇ ਦੀਆਂ ਮੌਜੂਦਾ ਲੋੜਾਂ ਅਨੁਸਾਰ ਢਾਲਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ ਸੂਬੇ ਦੀ ਨਵੀਂ ਖੇਤੀ ਵਿਕਾਸ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਜਿਸ ਵਿਚ ਯੂਨੀਵਰਸਿਟੀ ਅਹਿਮ ਭੂਮਿਕਾ ਨਿਭਾ ਰਹੀ ਹੈ।

ਡਾਇਮੰਡ ਜੁਬਲੀ ਮੌਕੇ ਸੰਚਾਰ ਕੇਂਦਰ ਵਲੋਂ ਇਕ ਖੂਬਸੂਰਤ ਕੌਫੀ ਟੇਬਲ ਬੁਕ 'ਕਿਸਾਨਾਂ ਅਤੇ ਖੇਤੀ ਵਿਗਿਆਨੀਆਂ ਦਾ ਅਟੁੱਟ ਰਿਸ਼ਤਾ-ਪੀ ਏ ਯੂ ਦੀ ਅਹਿਮ ਪ੍ਰਾਪਤੀ' ਨਾਮ ਹੇਠ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਛਾਪੀ ਗਈ ਹੈ ਜਿਸ ਨੂੰ ਸ਼ੀਤਲ ਚਾਵਲਾ ਸਹਾਇਕ ਨਿਰਦੇਸ਼ਕ ਵਲੋਂ ਬਹੁਤ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਵਿਚ ਜਿੱਥੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦੀ ਝਲਕ ਮਿਲਦੀ ਹੈ ਉੱਥੇ ਪੰਜਾਬਜ ਦੇ 22 ਜ਼ਿਲ੍ਹਿਆਂ ਵਿਚ ਯੂਨੀਵਰਸਿਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਵੀ ਦਰਸਾਉਂਦੀ ਹੈ। ਦੇਸ਼ ਦੀ ਅਜ਼ਾਦੀ ਸਮੇਂ ਪੰਜਾਬ ਦੀ ਵੰਡ ਤੋਂ ਲੈ ਕੇ ਹਰੇ ਇਨਕਲਾਬ ਦੀ ਸਿਰਜਣਾ ਤੱਕ ਦਾ ਸਚਿੱਤਰ ਇਤਿਹਾਸ ਇਸ ਵਿਚ ਅੰਕਿਤ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ। ਯੂਨੀਵਰਸਿਟੀ ਵੱਲੋਂ ਹੁਣ ਤੱਕ ਕਣਕ ਦੀਆਂ 78 ਕਿਸਮਾਂ ਕਾਸ਼ਤ ਲਈ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 39 ਕੌਮੀ ਪੱਧਰ ਉੱਤੇ ਸਾਰੇ ਦੇਸ਼ ਵਿਚ ਕਾਸ਼ਤ ਦੀ ਸਿਫਾਰਸ਼ ਵਾਲੀਆਂ ਕਿਸਮਾਂ ਹਨ। ਇਸੇ ਤਰ੍ਹਾਂ ਝੋਨੇ ਦੀ 30 ਅਤੇ ਬਾਸਮਤੀ ਦੀ 18 ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ। ਮੱਕੀ ਵਿਚ ਵਧੀਆ ਕੰਮ ਹੋਇਆ ਹੈ। ਹੁਣ ਤੱਕ 51 ਕਿਸਮਾਂ ਦੀ ਕਾਸ਼ਤ ਦੀ ਸਿਫਾਰਸ਼ ਕੀਤੀ ਗਈ ਹੈ ਜਿਨ੍ਹਾਂ ਵਿਚੋਂ 25 ਕੌਮੀ ਪੱਧਰ ਉੱਤੇ ਰੀਲੀਜ਼ ਕੀਤੀਆਂ ਗਈਆਂ ਹਨ। ਕਪਾਹ ਵਿਚ ਵੀ ਵਧੀਆ ਖੋਜਾਂ ਹੋਈਆਂ ਹਨ। ਨਰਮੇ ਅਤੇ ਦੇਸੀ ਕਪਾਹ ਦੀਆਂ 40 ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਦੋਗਲੀਆਂ ਕਿਸਮਾਂ ਵੀ ਸ਼ਾਮਿਲ ਹਨ। ਦਾਲਾਂ ਹੇਠ ਭਾਵੇਂ ਪੰਜਾਬ ਵਿਚ ਰਕਬਾ ਘਟ ਹੈ ਪਰ ਯੂਨੀਵਰਸਿਟੀ ਵਲੋਂ 64 ਕਿਸਮਾਂ ਦੀ ਕਾਸ਼ਤ ਲਈ ਸਿਫਾਰਸ਼ ਕੀਤੀ ਗਈ ਹੈ। ਤੇਲ ਬੀਜਾਂ ਸੰਬੰਧੀ ਵੀ ਵਧੀਆ ਕੰਮ ਹੋਇਆ ਹੈ। ਹੁਣ ਤੱਕ ਕੋਈ 59 ਕਿਸਮਾਂ ਦੀ ਸਿਫਾਰਸ਼ ਹੋਈ ਹੈ। ਗੰਨੇ ਦੀ ਕਾਸ਼ਤ ਸੰਬੰਧੀ ਵੀ ਵਧੀਆ ਖੋਜ ਹੋਈ। ਕਾਸ਼ਤ ਦੇ ਢੰਗ ਤਰੀਕਿਆਂ ਦੇ ਨਾਲੋ ਨਾਲ 31 ਨਵੀਆਂ ਕਿਸਮਾਂ ਵੀ ਕਾਸ਼ਤ ਲਈ ਜਾਰੀ ਕੀਤੀਆਂ ਗਈਆਂ ਹਨ। ਪੀ ਏ ਯੂ ਵਿਚ ਪਹਿਲੇ ਵੇਰ ਦੋਗਲੇ ਬਾਜਰੇ ਦੀ ਕਿਸਮ ਤਿਆਰ ਕੀਤੀ ਗਈ ਸੀ। ਹੁਣ ਤੱਕ ਬਾਜਰੇ ਦੀਆਂ 15 ਕਿਸਮਾਂ ਤਿਆਰ ਹੋਈਆਂ ਹਨ ਪਰ ਸੂਬੇ ਵਿਚ ਹੁਣ ਬਾਜਰੇ ਦੀ ਕਾਸ਼ਤ ਆਮ ਕਰਕੇ ਚਾਰੇ ਲਈ ਹੀ ਕੀਤੀ ਜਾਂਦੀ ਹੈ। ਚਾਰੇ ਦੀਆਂ ਦੂਜੀਆਂ ਫਸਲਾਂ ਜਿਵੇਂ ਬਰਸੀਮ, ਜਵੀਂ, ਚਰ੍ਹੀ, ਰਾਈ ਗ੍ਰਾਸ, ਮੱਕੀ ਆਦਿ ਦੀਆਂ ਵੱਧ ਝਾੜ ਦੇਣ ਵਾਲੀਆਂ 64 ਨਵੀਆਂ ਕਿਸਮਾਂ ਤਿਆਰ ਕੀਤੀਆਂ ਗਈਆਂ ਹਨ। ਸੂਬੇ ਵਿਚ ਬਾਗਬਾਨੀ ਨੂੰ ਉਤਸਾਹਿਤ ਕਰਨ ਦੇ ਵੀ ਯਤਨ ਜਾਰੀ ਹਨ। ਪੰਜਾਬ ਵਿਚ ਕਾਸ਼ਤ ਕੀਤੇ ਜਾ ਸਕਣ ਵਾਲੇ ਸਾਰੇ ਫਲਾਂ ਲਈ ਉਨਤ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਕਿੰਨੋ, ਅਮਰੂਦ, ਅੰਬ, ਬੇਰ, ਨਾਖ ਹੇਠ ਰਕਬੇ ਵਿਚ ਵਾਧਾ ਹੋਇਆ ਹੈ।

ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਅਤੇ ਸਾਰੀ ਧਰਤੀ ਸੇਂਜੂ ਹੋਣ ਕਰਕੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਵਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਇਸੇ ਲਈ ਬਾਗਬਾਨੀ ਦਾ ਇਕ ਨਵਾਂ ਕਾਲਜ ਖੋਲ੍ਹਿਆ ਗਿਆ ਹੈ। ਯੂਨੀਵਰਸਿਟੀ ਨੇ ਟਮਾਟਰ, ਖਰਬੂਜਾ, ਮਿਰਚਾਂ, ਮਟਰ, ਪਿਆਜ਼, ਗਾਜਰ ਆਦਿ ਦੀਆਂ ਵਧੀਆ ਕਿਸਮਾਂ ਤਿਆਰ ਕੀਤੀਆਂ ਹਨ। ਪੰਜਾਬ ਵਿਚ ਫੁੱਲਾਂ ਦੀ ਕਾਸ਼ਤ ਨੂੰ ਪ੍ਰਚਲਿਤ ਕਰਨ ਲਈ ਵੱਖਰਾ ਵਿਭਾਗ ਬਣਾਇਆ ਗਿਆ ਹੈ। ਖੇਤੀ ਜੰਗਲਾਤ ਦੇ ਵਿਕਾਸ ਲਈ ਵੀ ਵੱਖਰਾ ਵਿਭਾਗ ਬਣਾਇਆ ਗਿਆ ਹੈ। ਰੁੱਖਾਂ ਹੇਠ ਧਰਤੀ ਵਿਚ ਵਾਧਾ ਕਰਨ ਲਈ ਇਸ ਵਿਭਾਗ ਵੱਲੋਂ ਢੁੱਕਵੇਂ ਰੁੱਖਾਂ ਦੀ ਕਿਸਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਸ਼ਹਿਦ ਦੀਆਂ ਮੱਖੀਆਂ ਦਾ ਪਾਲਣ ਅਤੇ ਖੁੰਬਾਂ ਦੀ ਕਾਸ਼ਤ ਵਿਚ ਹੁਣ ਪੰਜਾਬ ਮੋਹਰੀ ਸੂਬਾ ਬਣ ਗਿਆ ਹੈ। ਪਾਣੀ ਦੀ ਬੱਚਤ, ਜੈਵਿਕ ਖੇਤੀ ਅਤੇ ਧਰਤੀ ਦੀ ਉਪਜਾਊ ਸ਼ਕਤੀ ਦੀ ਰਖਵਾਲੀ ਲਈ ਵਿਸ਼ੇਸ਼ ਯਤਨ ਹੋ ਰਹੇ ਹਨ। ਪੰਜਾਬ ਵਿਚ ਖੇਤੀ ਦਾ ਪੂਰਾ ਮਸ਼ੀਨੀਕਰਨ ਹੋ ਚੁੱਕਿਆ ਹੈ। ਸੂਬੇ ਦੀ ਲੋੜ ਅਨੁਸਾਰ ਮਸ਼ੀਨਾਂ ਵਿਕਸਤ ਕਰਨ ਵਿਚ ਯੂਨੀਵਰਸਿਟੀ ਦੀ ਅਹਿਮ ਭੂਮਿਕਾ ਹੈ। ਖੇਤੀ ਉਪਜ ਦੇ ਪਦਾਰਥੀਕਰਨ ਸਬੰਧੀ ਵਿਭਾਗ ਵਧੀਆਂ ਖੋਜ ਕਰ ਰਹੇ ਹਨ ਅਤੇ ਨਵੀਆਂ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ। ਯੂਨੀਵਰਸਿਟੀ ਦੇ ਖੇਤੀ ਸਨਅਤ ਨਾਲ ਵੀ ਵਧੀਆ ਸੰਬੰਧ ਹਨ। ਇਥੋਂ ਦੀਆਂ ਵਿਕਸਤ ਤਕਨੀਕਾਂ ਨੂੰ ਅਪਨਾਉਣ ਲਈ ਬਹੁਤ ਸਾਰੀਆਂ ਫਰਮਾਂ ਨਾਲ ਸਮਝੋਤੇ ਕੀਤੇ ਗਏ ਹਨ। ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਕਰਮਚਾਰੀਆਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਚਲਾਏ ਜਾ ਰਹੇ ਹਨ। ਮੁੱਖ ਕੈਂਪਸ ਦੇ ਨਾਲੋ ਨਾਲ 18 ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਖੋਲ੍ਹੇ ਗਏ ਹਨ। ਸੂਬੇ ਵਿਚ ਸਤ ਖੇਤਰੀ ਖੋਜ ਕੇਂਦਰ, ਤਿੰਨ ਫਲ ਖੋਜ ਕੇਂਦਰ, ਇਕ ਸਬਜ਼ੀ ਖੋਜ ਕੇਂਦਰ, ਚਾਰ ਬੀਜ ਫਾਰਮ ਅਤੇ ਫਾਰਮ ਸਲਾਹਕਾਰ ਸੇਵਾ ਦੇ 15 ਕੇਂਦਰ ਹਨ। ਸੂਬੇ ਦੀ ਖੇਤੀ ਨਾਲ ਸੰਬੰਧਿਤ ਸਮੁੱਚੀ ਖੋਜ ਦੀ ਜ਼ੁੰਮੇਵਾਰੀ ਯੂਨੀਵਰਸਿਟੀ ਕੋਲ ਹੈ। ਪਸ਼ੂ ਪਾਲਣ ਯੂਨੀਵਰਸਿਟੀ ਵੱਖਰੀ ਬਣਨ ਤੋਂ ਪਹਿਲਾਂ ਪਸ਼ੂਆਂ ਸੰਬੰਧੀ ਖੋਜ ਵੀ ਇਸੇ ਯੂਨੀਵਰਸਿਟੀ ਕੋਲ ਸੀ। ਯੂਨੀਵਰਸਿਟੀ ਵਲੋਂ ਵਧੀਆ ਮੱਝਾਂ, ਗਾਵਾਂ, ਮੁਰਗੀਆਂ, ਸੂਰ, ਬੱਕਰੀਆਂ ਆਦਿ ਦੇ ਵੱਗ ਵਿਕਸਤ ਕੀਤੇ ਗਏ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਪਤੀਆਂ ਉੱਤੇ ਮਾਣ ਕਰਨਾ ਚਾਹੀਦਾ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਭਵਿੱਖ ਦੀਆਂ ਚੁਣੌਤੀਆਂ ਬਾਰੇ ਵੀ ਵਿਚਾਰ ਕੀਤਾ ਜਾਵੇ। ਪੰਜਾਬ ਦੀ ਖੇਤੀ ਵਿਚ ਕਈ ਵਰ੍ਹਿਆਂ ਤੋਂ ਖੜੋਤ ਆ ਗਈ ਹੈ। ਸਮੇਂ ਦੇ ਬੀਤਣ ਨਾਲ ਮਾਲਕੀ ਜ਼ਮੀਨਾਂ ਬਹੁਤ ਘਟ ਗਈਆਂ ਹਨ ਮਹਿੰਗਾਈ ਵਿਚ ਵਾਧੇ ਨਾਲ ਗੁਜਾਰਾ ਔਖਾ ਹੋ ਗਿਆ ਹੈ ਕਿਉਂਕਿ ਉਪਜ ਦੀਆਂ ਕੀਮਤਾਂ ਵਿਚ ਉਸੇ ਦਰ ਨਾਲ ਵਾਧਾ ਨਹੀਂ ਹੋਇਆ ਹੈ। ਧਰਤੀ ਹੇਠਲਾ ਪਾਣੀ ਘਟ ਰਿਹਾ ਹੈ। ਖੇਤੀ ਵਿਚ ਰਸਾਇਣਾਂ ਦੀ ਵਰਤੋਂ ਘਟ ਕਰਨ ਦੀ ਲੋੜ ਹੈ। ਮੌਜੂਦਾ ਫਸਲ ਚੱਕਰ ਵਿਚ ਵਿਹਲ ਬਹੁਤ ਹੈ। ਇਸੇ ਵਿਹਲ ਕਰਕੇ ਸਮਾਜਿਕ ਬੁਰਾਈਆਂ ਵਿਚ ਵਾਧਾ ਹੋ ਰਿਹਾ ਹੈ। ਨਵੀਂ ਪੀੜ੍ਹੀ ਖੇਤੀ ਤੋਂ ਦੂਰ ਹੋ ਰਹੀ ਹੈ। ਨਵੀਂ ਪੀੜ੍ਹੀ ਨੂੰ ਖੇਤੀ ਨਾਲ ਜੋੜਨਾ ਜ਼ਰੂਰੀ ਹੈ ਕਿਉਂਕਿ ਭਵਿੱਖ ਵਿਚ ਉਹ ਕੌਮਾਂ ਹੀ ਖੁਸ਼ਹਾਲ ਹੋਣਗੀਆਂ ਜਿਨ੍ਹਾਂ ਦੀ ਖੇਤੀ ਵਧੀਆ ਹੋਵੇਗੀ। ਯੂਨੀਵਰਸਿਟੀ ਨੂੰ ਇਨ੍ਹਾਂ ਮਸਲਿਆਂ ਦੇ ਹਲ ਲੱਭਣ ਲਈ ਸਮਾਂਬੱਧ ਖੋਜ ਨੀਤੀ ਬਨਾਉਣ ਦੀ ਲੋੜ ਹੈ। ਕਿਸਾਨ ਦੀ ਆਮਦਨ ਵਿਚ ਵਾਧਾ ਕਰਨਾ, ਅਜੇਹੇ ਫਸਲ ਚੱਕਰ ਵਿਕਸਿਤ ਕਰਨੇ ਜਿਸ ਅਨੁਸਾਰ ਸਾਰਾ ਸਾਲ ਹੀ ਸਾਰਾ ਟੱਬਰ ਕੰਮਾਂ ਵਿਚ ਰੁੱਝਿਆ ਰਹੇ, ਕਿਸਾਨਾਂ ਨੂੰ ਉਪਜ ਦੇ ਪਦਾਰਥੀਕਰਨ ਲਈ ਉਤਸ਼ਾਹਿਤ ਕਰਨਾ ਅਤੇ ਮੰਡੀ ਸੰਬੰਧੀ ਜਾਣਕਾਰੀ ਦੇਣਾ ਜਰੂਰੀ ਹੈ। ਅਜੇਹੀਆਂ ਕਿਸਮਾਂ ਵਿਕਸਤ ਕਰਨਾ ਜਿਨ੍ਹਾਂ ਦੀਆਂ ਪਾਣੀ ਲੋੜਾਂ ਘੱਟ ਹੋਣ ਅਤੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਦੀ ਸਮਰੱਥਾ ਹੋਵੇ। ਮੀਂਹ ਦੇ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਵਿਚ ਵਾਧੇ ਲਈ ਢੰਗ ਤਰੀਕੇ ਵਿਕਸਤ ਕਰਨੇ। ਜੈਵਿਕ ਖੇਤੀ, ਨਦੀਨ ਨਾਸ਼ਕਾਂ ਦੀ ਵਰਤੋਂ ਬਗੈਰ ਨਦੀਨਾਂ ਦੀ ਰੋਕਥਾਮ ਬਾਰੇ ਵਿਚ ਖੋਜ ਦੀ ਲੋੜ ਹੈ। ਕਿਸਾਨ ਸਿਖਲਾਈ ਪ੍ਰੋਗਰਾਮ ਨੂੰ ਨਵੀਂ ਸੇਧ ਦਿੱਤੀ ਜਾਵੇ। ਕਲਾਸ ਰੂਮ ਤੋਂ ਬਾਹਰ ਆ ਕੇ ਖੇਤਾਂ ਵਿਚ ਅਮਲੀ ਸਿਖਲਾਈ ਵੱਲ ਵਧੇਰੇ ਧਿਆਨ ਦਿੱਤਾ ਜਾਵੇ। ਯੂਨੀਵਰਸਿਟੀ ਅੰਦਰ ਨਵੀਂ ਹਿਲਜੁਲ ਸ਼ੁਰੂ ਹੋਈ ਹੈ ਪਰ ਇਸ ਦੀ ਗਤੀ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ। ਵਿਦਿਆਰਥੀ ਖੋਜ ਨੂੰ ਵਿਭਾਗੀ ਖੋਜ ਨਾਲ ਜੋੜਿਆ ਜਾਵੇ ਤਾਂ ਜੋ ਇਸ ਦਾ ਲਾਹਾ ਲਿਆ ਜਾ ਸਕੇ। ਉਮੀਦ ਹੈ ਪਹਿਲਾਂ ਵਾਂਗ ਹੀ ਪੀ ਏ ਯੂ ਦੇ ਵਿਗਿਆਨੀ ਆਪਣੀ ਜ਼ੁੰਮੇਵਾਰੀ ਨੂੰ ਮਹਿਸੂਸ, ਕਰਦੇ ਹੋਏ ਪੰਜਾਬ ਦੀ ਖੇਤੀ ਨੂੰ ਨਵਾਂ ਮੋੜ ਦੇਣ ਵਿਚ ਜ਼ਰੂਰ ਸਫਲ ਹੋਣਗੇ।

ਖੇਤੀ ਇਕੋ ਥਾਂ ਖੜੀ ਹੈ, ਉਦਾਸੀ
ਦੀ ਗਹਿਰ ਚੜ੍ਹੀ ਹੈ।

ਨਵੀਂ ਕ੍ਰਾਂਤੀ ਲੋੜੇ ਖੇਤੀ ਜ਼ੁੰਮੇਵਾਰੀ
ਮੁੜ ਬੜੀ ਹੈ।

ਆਵੋ ਰਲ ਮਿਹਨਤ ਕਰੀਏ ਪਰਖ
ਦੀ ਘੜੀ ਹੈ ਆਈ।

ਉਸੇ ਨੂੰ ਸੁਰਜੀਤ ਕਰੀਏ, ਪਹਿਲਾਂ
ਜਿਹੜੀ ਪਿਰਤ ਹੈ ਪਾਈ।



# ਪੰਜਾਬ ਦੇ ਪਾਣੀਆਂ ਦੀ ਗੱਲ

ਸੁਪਰੀਮ ਕੋਰਟ ਨੇ ਹੁਕਮ ਕੀਤੇ ਹਨ ਕਿ ਸਤਲੁਜ ਯਮੁਨਾ ਨਹਿਰ ਮੁਕੰਮਲ ਕੀਤੀ ਜਾਵੇ, ਇਸ ਕੰਮ ਲਈ ਕੇਂਦਰ ਸਰਵੇਖਣ ਕਰਵਾਏ, ਪੰਜਾਬ ਨੂੰ ਕਿਹਾ ਹੈ ਕਿ ਉਹ ਜ਼ਿੱਦ ਕਿਉਂ ਕਰ ਰਹੇ ਹਨ। ਸੁਪਰੀਮ ਕੋਰਟ ਨੇ 15 ਜਨਵਰੀ 2002 ਨੂੰ ਵੀ ਨਹਿਰ ਮੁਕੰਮਲ ਕਰਨ ਦੇ ਹੁਕਮ ਕਰ ਦਿੱਤੇ ਸਨ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ 13 ਜਨਵਰੀ 2003 ਨੂੰ ਸੁਪਰੀਮ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ। ਇਸ ਚੁਣੌਤੀ ਵਾਲੇ ਕੇਸ ਨੂੰ ਸੁਪਰੀਮ ਕੋਰਟ ਨੇ 4 ਜੂਨ 2004 ਵਿਚ ਖਾਰਜ ਕਰ ਦਿਤਾ ਅਤੇ ਨਹਿਰ ਮੁਕੰਮਲ ਕਰਨ ਦਾ ਕੰਮ ਭਾਰਤ ਸਰਕਾਰ ਦੇ ਹਵਾਲੇ ਕਰ ਦਿੱਤਾ ਪਰ 2004 ਵਿਚ ਪੰਜਾਬ ਵਿਧਾਨ ਸਭਾ ਵੱਲੋਂ ਪਾਣੀਆਂ ਦੇ ਸਮਝੌਤੇ ਰੱਦ ਕਰਨ ਦਾ ਕਾਨੂੰਨ ਸਰਬਸੰਮਤੀ ਨਾਲ ਪਾਸ ਕਰਨ ਨਾਲ ਨਹਿਰ ਦੇ ਕੰਮ ਨੂੰ ਠੱਲ੍ਹ ਪੈ ਗਈ। ਇਸ ਦੇ ਬਾਵਜੂਦ ਕਿ ਰਾਸ਼ਟਰਪਤੀ ਵੱਲੋਂ



ਡਾ. ਪਿਆਰਾ ਲਾਲ ਗਰਗ
ਮੋ. 99145-05009

ਇਸ ਕਾਨੂੰਨ ਬਾਬਤ ਰਾਏ ਮੰਗਣ 'ਤੇ ਸੁਪਰੀਮ ਕੋਰਟ ਨੇ ਇਸ ਕਾਨੂੰਨ ਬਾਬਤ ਰਾਏ ਮੰਗਣ 'ਤੇ ਸੁਪਰੀਮ ਕੋਰਟ ਨੇ ਇਸ ਕਾਨੂੰਨ ਨੂੰ ਅਵੈਧ ਹੋਣਾ ਦੱਸਿਆ ਹੈ, ਇਹ ਕਾਨੂੰਨ ਅਜੇ ਵੀ ਜਿਉਂ ਦਾ ਤਿਉਂ ਪਿਆ ਹੈ। ਹੁਣ ਲੰਘੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਹੁਕਮ ਕੀਤੇ ਹਨ ਕਿ ਨਹਿਰ ਦੇ ਬਾਕੀ ਰਹਿੰਦੇ ਭਾਗ ਦੇ ਨਿਰਮਾਣ ਲਈ ਨਹਿਰ ਦਾ ਸਰਵੇਖਣ ਕਰੇ ਅਤੇ ਇਸ ਸਰਵੇਖਣ ਦੀ ਰਿਪੋਰਟ ਜਨਵਰੀ 2024 ਵਿਚ ਹੋਣ ਵਾਲੀ ਸੁਣਵਾਈ ਤੱਕ ਪੇਸ਼ ਕਰੇ।

ਇਸ ਸਰਵੇਖਣ ਆਦਿ ਵਿਚ ਬਹੁਤ ਸਾਰੇ ਮੁੱਦੇ ਲਟਕੇ ਹੋਏ ਪਏ ਹਨ ਜਿਨ੍ਹਾਂ ਦਾ ਹੱਲ ਪਹਿਲਾਂ ਕਰਨਾ ਜ਼ਰੂਰੀ ਹੈ। ਇਹ ਮੁੱਦੇ ਹਨ ਇਹ ਮਾਮਲਾ ਦਹਾਕਿਆਂ ਤੋਂ ਵਿਚ ਵਿਚਾਲੇ ਪਿਆ ਹੈ, 1976 ਦੇ ਐਮਰਜੈਂਸੀ ਦੌਰਾਨ ਦਿੱਤੇ ਐਵਾਰਡ ਤੋਂ 47 ਸਾਲਾਂ ਤੋਂ, 1981 ਵਿਚ ਮੁੱਖ ਮੰਤਰੀਆਂ ਨਾਲ ਪ੍ਰਧਾਨ ਮੰਤਰੀ ਵੱਲੋਂ 1981 ਵਿਚ ਸਮਝੌਤਾ ਕਰਵਾਏ ਜਾਣ ਤੋਂ 42 ਸਾਲਾਂ ਤੋਂ ਲੰਬਤ ਪਿਆ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਵੀ 38 ਸਾਲਾਂ ਤੋਂ ਲੰਬਤ ਪਿਆ ਹੈ ਅਤੇ 1985 ਵਿਚ ਹੋਏ ਇਸ ਸਮਝੌਤੇ ਦੀਆਂ 11 ਮਦਾਂ ਵਿਚੋਂ ਬਾਕੀ ਅਜੇ ਲਾਗੂ ਨਹੀਂ ਹੋਈਆਂ। ਇਸ ਦੀ ਮਦ 7 ਤਹਿਤ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਦਿੱਤਾ ਜਾਣਾ ਸੀ, ਉਹ ਨਹੀਂ ਦਿੱਤਾ ਗਿਆ। ਸਪੱਸ਼ਟ ਹੈ ਕਿ ਇਹ ਸੰਧੀ ਤਾਂ ਭਾਰਤ ਸਰਕਾਰ ਨੇ ਇਕਤਰਫਾ ਹੀ ਤੋੜ ਦਿੱਤੀ। ਇਸ ਵਾਸਤੇ ਇਸ ਟੁੱਟ ਚੁੱਕੀ ਸੰਧੀ ਤਹਿਤ ਇਰਾਦੀ ਜਲ ਟ੍ਰਿਬਿਊਨਲ ਦਾ ਗਠਨ ਅਤੇ ਉਸ ਦੇ ਫੈਸਲੇ ਬੇਮਾਇਨੇ ਹੋ ਜਾਂਦੇ ਹਨ। ਇਸ ਲਈ ਪਾਣੀਆਂ ਦੇ ਵਿਵਾਦ ਬਾਬਤ ਇਸ ਸੰਧੀ ਦੀ ਨੌਵੀਂ ਮਦ ਦੀ ਤੀਜੀ ਉਪ-ਧਾਰਾ ਅਨੁਸਾਰ ਨਹਿਰ ਮੁਕੰਮਲ ਕਰਨ ਦਾ ਕੰਮ ਨੇਪਰੇ ਚਾੜ੍ਹਨ ਦਾ ਹੁਕਮ ਤਰਕ ਸੰਗਤ ਨਹੀਂ ਬਣਦਾ। ਵੈਸੇ ਵੀ ਪਾਣੀਆਂ ਬਾਬਤ ਭਾਰਤ ਦੇ ਵੱਖ ਵੱਖ ਦਰਿਆਵਾਂ ਦੇ ਸਮਝੌਤੇ 25 ਤੋਂ 30 ਸਾਲ ਬਾਅਦ ਮੁੜ ਕਰਨੇ ਹੁੰਦੇ ਹਨ। ਗੰਗਾ ਜਲ ਵਿਵਾਦ ਦਾ ਭਾਰਤ ਤੇ ਬੰਗਲਾਦੇਸ਼ ਦਾ ਫੈਸਲਾ ਵੀ 30 ਸਾਲ ਬਾਅਦ ਮੁੜ ਕਰਨਾ ਹੈ। ਮੁੜ ਕਰਨ ਦਾ ਕਾਰਨ ਹੁੰਦਾ ਹੈ ਕਿ ਐਨੇ ਲੰਮੇ ਅਰਸੇ ਵਿਚ ਦਰਿਆਵਾਂ ਵਿਚ ਪਾਣੀ ਦੀ ਉਪਲੱਬਧੀ, ਧਰਤੀ ਹੇਠਲੇ ਪਾਣੀ ਦੀ ਮਾਤਰਾ, ਵਰਖਾ ਦੀ ਸਥਿਤੀ ਤੇ ਮਾਤਰਾ ਅਤੇ ਸਬੰਧਿਤ ਧਿਰਾਂ ਦੀਆਂ ਪਾਣੀ ਦੀਆਂ ਲੋੜਾਂ ਤੇ ਬਨਸਪਤੀ ਵਿਚ ਵੱਡੇ ਬਦਲਾਉ ਆ ਚੁੱਕੇ ਹੁੰਦੇ ਹਨ। ਇਸ ਵਾਸਤੇ ਅਮੂਲਣ ਤਾਂ ਹੁਣ 38, 42 ਜਾਂ 48 ਸਾਲ ਬਾਅਦ ਪੰਜਾਬ ਦੇ ਪਾਣੀਆਂ ਦਾ ਸਮਝੌਤਾ ਵੀ ਮੁੜ ਕਰਨ ਦੀ ਲੋੜ ਹੈ। ਮੌਜੂਦਾ ਸਥਿਤੀ ਇਹ ਹੈ ਕਿ 2012 ਦੀ ਕੌਮੀ ਜਲ ਨੀਤੀ ਅਨੁਸਾਰ ਦਰਿਆਵਾਂ ਵੀ ਪਾਣੀ ਦੀ ਮਾਤਰਾ ਅਤੇ ਲੋੜਾਂ ਦਾ ਹਿਸਾਬ ਕਿਤਾਬ ਹਰ ਪੰਜ ਸਾਲ ਬਾਅਦ ਲਾਉਣਾ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ ਇਸ ਨਹਿਰ ਦੇ ਨਿਰਮਾਣ ਨੂੰ ਮੁਕੰਮਲ ਕਰਨ ਦੇ ਰਸਤੇ ਵਿਚ ਹੋਰ ਵੀ ਬਹੁਤ ਵੱਡੇ ਅਤੇ ਅਹਿਮ ਮਾਮਲੇ ਲਟਕੇ ਹੋਏ ਪਏ ਹਨ। ਪਹਿਲੀ ਗੱਲ ਤਾਂ ਹੈ ਕਿ ਪਾਣੀ ਉੱਪਰ ਹੱਕ ਤੈਅ ਕੀਤੇ ਬਿਨਾਂ ਨਹਿਰ ਨਿਰਮਾਣ ਦਾ ਕੋਈ ਅਰਥ ਨਹੀਂ ਬਣਦਾ। ਦੂਜੀ ਗੱਲ, ਪਾਣੀ ਦੀ ਸਮੁੱਚੀ ਸਥਿਤੀ ਬਦਲ ਜਾਣ ਕਾਰਨ ਅਤੇ ਕਾਨੂੰਨ ਦੀ ਪਾਲਣਾ ਹਿੱਤ ਵੀ ਜਲ ਉਪਲੱਬਧੀ ਮੁੜ ਤੈਅ ਕਰਨੀ ਬਣਦੀ ਹੈ।

ਪੰਜਾਬ ਯਮੁਨਾ ਲਿੰਕ ਕੈਨਾਲ ਬਿਲ-2016 ਰਾਹੀਂ ਜਿਸ ਨਹਿਰ ਵਾਸਤੇ ਲਈ ਗਈ ਜ਼ਮੀਨ ਵਾਪਸ ਕਰ ਦਿੱਤੀ ਗਈ, ਪੰਜਾਬ ਵਿਧਾਨ ਸਭਾ ਵਿਚ 7 ਮਾਰਚ 2016 ਨੂੰ ਸੁਪਰੀਮ ਕੋਰਟ ਨੇ ਨਹਿਰ ਵਾਸਤੇ ਜ਼ਮੀਨ ਬਾਬਤ ਸਟੇਟਸ-ਕੋ ਦੇ ਦਿੱਤਾ; ਭਾਵ, ਸਥਿਤੀ ਜਿਵੇਂ ਸੀ ਉਵੇਂ ਰਹੇ; ਭਾਵ, ਕਾਨੂੰਨ ਪਾਸ ਹੋ ਗਿਆ ਹੈ ਅਤੇ ਉਵੇਂ ਰਹਿ ਰਿਹਾ ਹੈ।

15 ਨਵੰਬਰ 2016 ਨੂੰ ਉਸ ਵਕਤ ਦੇ ਵਿਤ ਕਮਿਸ਼ਨਰ (ਮਾਲ)ਨੇ ਇਹ ਜ਼ਮੀਨ ਵੀ ਜ਼ਮੀਨ ਮਾਲਕਾਂ ਨੂੰ ਵਾਪਸ ਕਰਨ ਦਾ ਨੋਟੀਫਿਕੇਸ਼ਨ ਜਾਰੀ ਦਿੱਤਾ ਅਤੇ ਬਹੁਤ ਸਾਰੇ ਮਾਲਕਾਂ ਨੇ ਜ਼ਮੀਨ ਉੱਪਰ ਤੁਰੰਤ ਕਬਜ਼ਾ ਵੀ ਕਰ ਲਿਆ; 20 ਨਵੰਬਰ ਤੱਕ ਤਾਂ ਕਰੀਬ ਸਾਰੇ ਮਾਲਕਾਂ ਨੇ ਸਾਰੀ ਜ਼ਮੀਨ 'ਤੇ ਹੀ ਕਬਜ਼ਾ ਕਰ ਲਿਆ ਸੀ ਜਦੋਂ ਕਿ ਸੁਪਰੀਮ ਕੋਰਟ ਨੇ 'ਸਥਿਤੀ ਜਿਵੇਂ ਹੈ, ਉਸੇ ਤਰ੍ਹਾਂ ਬਣਾਈ ਰੱਖਣ' ਦੇ 30 ਨਵੰਬਰ ਨੂੰ ਹੁਕਮ ਕੀਤੇ। ਹੁਣ ਜ਼ਮੀਨ ਤਾਂ ਜ਼ਮੀਨ ਮਾਲਕਾਂ ਕੋਲ ਹੈ ਤਾਂ ਨਹਿਰ ਦਾ ਸਰਵੇਖਣ ਕਿਸ ਚੀਜ਼ ਦਾ ਹੋਵੇਗਾ। ਮਾਲਕਾਂ ਕੋਲ ਵੀ ਤਾਂ ਜ਼ਮੀਨ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਹੀ ਹੈ। ਇਸ ਤਰ੍ਹਾਂ ਕਾਨੂੰਨੀ ਤੌਰ 'ਤੇ ਤਾਂ ਇਸ ਨਹਿਰ ਵਾਸਤੇ ਲਈ ਗਈ ਜ਼ਮੀਨ ਦੀ ਸਥਿਤੀ ਵੀ ਬਦਲ ਗਈ ਹੈ।

**ਇਹ ਵੀ ਹਕੀਕਤ ਹੈ ਕਿ ਇਸ ਨਹਿਰ ਦਾ ਜੋ 122 ਕਿਲੋਮੀਟਰ ਦਾ ਵੱਡਾ ਹਿੱਸਾ ਪੰਜਾਬ ਵਿਚ ਹੈ, ਉਸ ਵਿਚੋਂ ਬਣ ਚੁੱਕੇ ਵਿਚ ਵੀ ਪਾਣੀ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਅਣਵਰਤਿਆ ਪਿਆ ਰਹਿਣ ਕਰਕੇ ਉਹ ਖਰਾਬ ਹੋ ਗਿਆ ਹੈ ਅਤੇ ਉਸ ਦੇ ਥਾਂ ਥਾਂ ਟੁੱਟਣ ਜਾਂ ਸੇਮ ਲਿਆ ਦੇਣ ਦਾ ਵੱਡਾ ਖਤਰਾ ਹੈ।**

ਇਹ ਵੀ ਹਕੀਕਤ ਹੈ ਕਿ ਇਸ ਨਹਿਰ ਦਾ ਜੋ 122 ਕਿਲੋਮੀਟਰ ਦਾ ਵੱਡਾ ਹਿੱਸਾ ਪੰਜਾਬ ਵਿਚ ਹੈ, ਉਸ



ਵਿਚੋਂ ਬਣ ਚੁੱਕੇ ਵਿਚ ਵੀ ਪਾਣੀ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਅਣਵਰਤਿਆ ਪਿਆ ਰਹਿਣ ਕਰ ਕੇ ਉਹ ਖਰਾਬ ਹੋ ਗਿਆ ਹੈ ਅਤੇ ਉਸ ਦੇ ਥਾਂ ਥਾਂ ਟੁੱਟਣ ਜਾਂ ਸੇਮ ਲਿਆ ਦੇਣ ਦਾ ਵੱਡਾ ਖਤਰਾ ਹੈ।

ਹੁਣ ਸਾਡੇ ਸਾਹਮਣੇ ਸਥਿਤੀ ਇਹ ਹੈ ਕਿ ਮਿਲ ਬੈਠ ਕੇ ਸਮੂਹਿਕ ਫੈਸਲਾ ਕਰੀਏ ਅਤੇ ਹਾਲ ਦੀ ਘੜੀ ਸੁਪਰੀਮ ਕੋਰਟ ਦੇ ਧਿਆਨ ਵਿਚ ਇਹ ਸਾਰੇ ਤੱਥ ਲਿਆ ਕੇ ਜਨਵਰੀ ਵਿਚ ਇਸ ਮਾਮਲੇ ਨੂੰ ਅਜੇ ਕੁਝ ਸਮਾਂ ਹੋਰ ਲੰਬਿਤ ਕਰਕੇ ਸਾਰੇ ਕਾਨੂੰਨੀ ਪੱਖਾਂ ਅਨੁਸਾਰ ਮੁੜ ਫੈਸਲੇ ਕਰਨ ਵਾਸਤੇ ਬੇਨਤੀ ਕੀਤੀ ਜਾਵੇ। ਜਿਵੇਂ ਅਸੀਂ ਸਦੀਆਂ ਤੋਂ ਮਿਲ ਕੇ ਬਹੁਤ ਸਾਰੇ ਫੈਸਲੇ ਕਰਦੇ ਆਏ ਹਾਂ, ਪਿਛਲੇ ਦੋ ਦਹਾਕਿਆਂ 'ਚ ਵੀ ਕੀਤੇ ਹਨ ਤਾਂ ਅੱਜ ਵੀ ਅਸੀਂ ਮਿਲ ਕੇ ਸਹੀ ਫੈਸਲਾ ਕਰ ਸਕਦੇ ਹਾਂ।

ਇਸ ਵਕਤ ਇਸ ਮਾਮਲੇ ਨੂੰ ਤੂਲ ਦੇਣ ਦੀ ਲੋੜ ਨਹੀਂ। ਹੁਣ ਜਦੋਂ ਰਾਜਸਥਾਨ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ, ਹਰਿਆਣਾ ਦੀ ਵਿਧਾਨ ਸਭਾ ਅਤੇ ਲੋਕ ਸਭਾ ਚੋਣ ਵੀ ਨੇੜੇ ਹੈ, ਨਹਿਰ ਦਾ ਅਤੇ ਪਾਣੀਆਂ ਦੇ ਕਰੀਬ ਅੱਧੀ ਸਦੀ ਤੋਂ ਲੰਬਤ ਪਏ ਮੁੱਦੇ ਨੂੰ ਛੇੜਨਾ ਗੁਆਂਢੀ ਸੂਬਿਆਂ ਨਾਲ ਸਾਡੇ ਭਾਈਚਾਰੇ ਤੇ ਕਿਸਾਨ ਅੰਦੋਲਨ ਦੌਰਾਨ ਬਣੇ ਏਕੇ ਨੂੰ ਤੋੜਨ ਦੇ ਤੁੱਲ ਹੈ। ਇਸ ਏਕੇ ਦੀ ਕਿਸਾਨਾਂ ਨੂੰ ਅਜੇ ਵੀ ਵੱਡੀ ਲੋੜ ਹੈ ਕਿਉਂ ਜੋ ਉਨ੍ਹਾਂ ਨੇ ਵੀ ਕਿਸਾਨੀ ਦੀਆਂ ਮੰਗਾਂ ਉੱਪਰ ਹੋਏ ਸਮਝੌਤੇ ਵਿਚਲੀਆਂ ਐਮ ਐਸ ਪੀ ਸਮੇਤ ਬਾਕੀ ਹੋਰ ਮੰਗਾਂ ਲਾਗੂ ਕਰਵਾਉਣੀਆਂ ਹਨ। ਇਸ ਵਾਸਤੇ ਅੱਜ ਸਾਡੇ ਰਾਸ਼ਟਰੀ ਹਿੱਤ ਵਿਚ ਹੈ ਕਿ ਅਸੀਂ ਏਕਾ ਬਣਾ ਕੇ ਰੱਖੀਏ, ਇਸ ਮੁੱਦੇ ਨੂੰ ਹਾਲ ਦੀ ਘੜੀ ਅੱਗੇ ਪਾ ਦੇਈਏ ਅਤੇ ਇਸ ਦੇ ਹੱਲ ਲਈ ਇਸ ਦਾ ਸਰਬਪੱਖੀ ਅਧਿਐਨ ਕਰੀਏ, ਸਹੀ ਕਾਨੂੰਨ ਤੇ ਸੰਵਿਧਾਨਕ ਸਮਝ ਇਸ ਬਾਬਤ ਬਣਾਈਏ।

ਨਹਿਰ ਦਾ ਮਾਮਲਾ ਪੰਜਾਬ ਦੇ ਪਾਣੀਆਂ ਦੇ ਹੱਕ ਅਤੇ ਨਿਆਇਕ ਵਰਤੋਂ ਨਾਲ ਜੁੜਿਆ ਹੋਇਆ ਹੈ। ਸੰਸਾਰ ਭਰ ਵਿਚ ਅਤੇ ਭਾਰਤ ਵਿਚ ਵੀ ਪਾਣੀਆਂ ਦੇ ਹੱਕ ਪਿਛਲੇ ਡੇਢ ਸੌ ਸਾਲ ਤੋਂ ਵੱਧ ਅਰਸੇ ਤੋਂ ਰਿਪੇਰੀਅਨ ਅਤੇ ਜਲ ਸੰਗ੍ਰਹਿਣ ਖੇਤਰ ਅਸੂਲਾਂ ਦੇ ਆਧਾਰ 'ਤੇ ਤੈਅ ਕੀਤੇ ਗਏ ਹਨ ਜਿਵੇਂ 1860 ਵਿਚ ਸਰਹਿੰਦ ਨਹਿਰ ਦਾ ਪਾਣੀ ਪਟਿਆਲਾ ਰਿਆਸਤ ਨੂੰ ਦੇਣ ਬਾਬਤ, 1873 ਦਾ ਨਹਿਰਾਂ ਤੇ ਨਾਲਿਆਂ ਦਾ ਭਾਰਤ ਸਰਕਾਰ ਦਾ ਕਾਨੂੰਨ ਅਤੇ 1879 ਦਾ ਬੰਬਈ ਦਾ ਸਿੰਜਾਈ ਕਾਨੂੰਨ, 1896 ਦਾ ਅਮਰੀਕਾ ਦਾ ਰੀਓ ਗ੍ਰਾਂਡੇ ਦਰਿਆ ਦਾ ਫੈਸਲਾ, ਸਤਲੁਜ ਨਦੀ ਘਾਟੀ ਯੋਜਨਾ 1921 ਦਾ ਬੀਕਾਨੇਰ ਨੂੰ ਪਾਣੀ ਦੇਣ ਦਾ, ਮਿਸਰ ਤੇ ਸੂਡਾਨ ਦਰਮਿਆਨ 1925 ਦਾ ਨੀਲ ਦਰਿਆ ਦਾ, 1943 ਦੀ ਅਮਰੀਕੀ ਕਮੇਟੀ ਦਾ ਫੈਸਲਾ, ਯੂਰੋਪ ਬਾਬਤ ਯੂ ਐਨ ਓ ਦੇ ਆਰਥਿਕ ਕਮਿਸ਼ਨ ਦਾ 1952 ਦਾ 23 ਫਰਵਰੀ 1972 ਦਾ ਨਰਮਦਾ ਜਲ ਟ੍ਰਿਬਿਊਨਲ ਦਾ ਰਾਜਸਥਾਨ ਦੀ ਅਰਜ਼ੀ ਬਾਬਤ ਫੈਸਲਾ ਪਰ ਕੇਵਲ ਪੰਜਾਬ ਦੇ ਦਰਿਆਈ ਪਾਣੀਆਂ ਵੇਲੇ ਇਨ੍ਹਾਂ ਅਸੂਲਾਂ ਅਤੇ ਸੰਵਿਧਾਨਕ ਵਿਵਸਥਾਵਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ।

ਬਿਆਸ ਪ੍ਰਜੈਕਟ ਦੇ ਫਲਸਰੂਪ ਕੇਵਲ 3 ਐਮ ਏ ਐਫ ਵਾਧੂ ਪਾਣੀ ਹੀ ਉਪਲਬਧ ਹੋਣਾ ਸੀ। ਪੰਜਾਬ ਪੁਨਰਗਠਨ ਕਾਨੂੰਨ ਦੀ ਧਾਰਾ 78 ਅਨੁਸਾਰ ਵੀ ਇਹ 3 ਐਮ ਏ ਐਫ ਹੀ ਵੰਡਿਆ ਜਾਣਾ ਸੀ ਪਰ ਪਹਿਲਾਂ ਹੋ ਰਹੀ ਵਰਤੋਂ ਦੇ ਅਸੂਲ ਨੂੰ ਤਿਲਾਂਜਲੀ ਦੇ ਕੇ ਵੰਡ ਵਿਚ ਪਾ ਦਿੱਤਾ ਗਿਆ 6.4 ਐਮ ਏ ਐਫ। ਇਸ ਤਰ੍ਹਾਂ ਇਸ ਪੱਖੋਂ ਵੀ ਸਾਡੇ ਨਾਲ ਧੱਕਾ ਹੋਇਆ ਹੈ। ਮੌਜੂਦਾ ਸਥਿਤੀ ਵਿਚ ਇਨ੍ਹਾਂ ਧੱਕਿਆਂ ਬਾਬਤ ਪੁਖਤਾ ਸਮਝ ਬਣਾਉਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਲਈ ਅੱਗੇ ਨੂੰ ਸਹੀ ਨੀਤੀ ਤੈਅ ਕਰ ਸਕੀਏ।



# ਸੁਰੰਗਾਂ ਹੇਠ ਖੇਤੀ ਕਰਕੇ ਅਗੇਤੀਆਂ ਸਬਜ਼ੀਆਂ ਉਗਾਓ

**ਰੂਮਾ ਦੇਵੀ, ਅਤੇ ਤਰਸੇਮ ਸਿੰਘ ਢਿੱਲੋਂ ਅਤੇ ਦਿਲਪ੍ਰੀਤ ਤਲਵਾੜ,**
**ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98783-99555)**

ਸਬਜ਼ੀਆਂ ਦੀ ਸਫਲ ਕਾਸ਼ਤ ਰੁੱਤ ਅਤੇ ਮੌਸਮੀ ਹਾਲਤਾਂ ਤੇ ਨਿਰਭਰ ਕਰਦੀ ਹੈ । ਸਬਜ਼ੀਆਂ ਦੀ ਮਾਤਰਾ ਅਤੇ ਮੰਡੀ ਵਿਚ ਆਉਣ ਦਾ ਸਮਾਂ ਇਸ ਦੀ ਕੀਮਤ ਨਿਰਧਾਰਿਤ ਕਰਦਾ ਹੈ । ਮੰਡੀ ਵਿਚ ਕੇਵਲ ਇਕ ਹਫਤਾ ਅਗੇਤੀ ਆਉਣ ਨਾਲ ਵੀ ਸਬਜ਼ੀਆਂ ਦੀ ਕਾਸ਼ਤ ਕਿਸਾਨਾਂ ਲਈ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ । ਗਰਮ ਰੁੱਤ ਦੀ ਸਬਜ਼ੀਆਂ ਜਿਵੇਂ ਕਿ ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਦੀ ਸਫਲ ਕਾਸ਼ਤ ਲਈ ਕੋਹਰਾ ਮਾਰੂ ਸਾਬਿਤ ਹੁੰਦਾ ਹੈ । ਇਸ ਲਈ ਸਾਨੂੰ ਇਨ੍ਹਾਂ ਸਬਜ਼ੀਆਂ ਨੂੰ ਦਸੰਬਰ ਅਤੇ ਜਨਵਰੀ ਦੇ ਮਹੀਨਿਆਂ ਵਿਚ ਕੋਹਰੇ ਤੋਂ ਬਚਾਉਣਾ ਪੈਂਦਾ ਹੈ । ਜਿਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਨ੍ਹਾਂ ਸਬਜ਼ੀਆਂ ਦੀ ਪੋਲੀਥੀਨ ਦੀਆਂ ਸੁਰੰਗਾਂ ਹੇਠ ਦਸੰਬਰ ਅਤੇ ਜਨਵਰੀ ਦੇ ਮਹੀਨਿਆਂ ਵਿਚ ਕਾਸ਼ਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਇਸ ਤਰ੍ਹਾਂ ਕਰਨ ਨਾਲ ਅਸੀਂ ਇਨ੍ਹਾਂ ਫਸਲਾਂ ਨੂੰ ਕੋਹਰੇ ਤੋਂ ਬਚਾਅ ਕਰ ਸਕਦੇ ਹਾਂ । ਇਹ ਤਕਨੀਕ ਸਸਤੀ ਅਤੇ ਛੋਟੇ ਕਿਸਾਨਾਂ ਲਈ ਬਹੁਤ ਲਾਹੇਵੰਦ ਹੋ ਸਕਦੀ ਹੈ, ਕਿਉਂਕਿ ਅਗੇਤੀ ਸਬਜ਼ੀਆਂ ਉਗਾਉਣ ਨਾਲ ਕਿਸਾਨ ਥੋੜੇ ਰਕਬੇ ਤੋਂ ਵੀ ਜ਼ਿਆਦਾ ਪੈਸੇ ਕਮਾ ਸਕਦੇ ਹਨ ।

ਸਾਰਣੀ 1 : ਸਬਜ਼ੀਆਂ ਦੀ ਸਫਲ ਕਾਸ਼ਤ ਲਈ ਸਿਫਾਰਿਸ਼ਾਂ

| ਉੱਨਤ ਕਿਸਮ | ਬੀਜਣ ਦਾ ਸਮਾਂ | ਬੀਜ ਦੀ ਮਾਤਰਾ | ਪਨੀਰੀ ਲਾਉਣ ਦਾ ਸਮਾਂ | ਖਾਦਾਂ/ਏਕੜ | ਪਾਣੀ | ਤੁੜਾਈ |
|---|---|---|---|---|---|---|
| ਖੀਰਾ ਪੰਜਾਬ ਨਵੀਨ | ਦਸੰਬਰ | 1 ਕਿਲੋ | -- | ਨਾਈਟ੍ਰੋਜਨ : 40 ਕਿਲੋ ਫਾਸਫੋਰਸ : 20 ਕਿਲੋ ਪੋਟਾਸ਼ : 20 ਕਿਲੋ | 10-12 | ਫਲ ਹਰੇ ਰੰਗ ਵਾਲੇ ਅਤੇ ਨਰਮ ਹੋਣੇ ਚਾਹੀਦੇ ਹਨ ਅਤੇ ਬੀਜ ਸਖਤ ਨਹੀਂ ਹੋਣਾ ਚਾਹੀਦਾ । |
| ਬੈਂਗਣ ਪੰਜਾਬ ਰੌਣਕ ਪੰਜਾਬ ਭਰਪੂਰ ਪੀ.ਬੀ.ਐਚ-2 | ਅਕਤੂਬਰ | 300-400 ਗ੍ਰਾਮ | ਨਵੰਬਰ | ਨਾਈਟ੍ਰੋਜਨ : 50 ਕਿਲੋ ਫਾਸਫੋਰਸ : 25 ਕਿਲੋ ਪੋਟਾਸ਼ : 12 ਕਿਲੋ | 10-16 | ਫਲ ਹਰੇ ਰੰਗ ਵਾਲੇ ਅਤੇ ਨਰਮ ਹੋਣੇ ਚਾਹੀਦੇ ਹਨ । |
| ਸ਼ਿਮਲਾ ਮਿਰਚ ਪੀ.ਐਸ.ਐਮ-1 | ਅੱਧ ਅਕਤੂਬਰ | 200 ਗ੍ਰਾਮ | ਨਵੰਬਰ ਦੇ ਅੰਤ ਵਿਚ | ਨਾਈਟ੍ਰੋਜਨ : 50 ਕਿਲੋ ਫਾਸਫੋਰਸ : 25 ਕਿਲੋ ਪੋਟਾਸ਼ : 12 ਕਿਲੋ | 10-12 | ਪੂਰਾ ਵਧੀਆ ਫਲ ਤੋੜੋ ਜੋ ਨਰਮ ਅਤੇ ਚਮਕਦਾਰ ਹੋਵੇ । |

ਇਸ ਤਕਨੀਕ ਰਾਹੀਂ ਸਬਜ਼ੀਆਂ ਉਗਾਉਣ ਬਾਰੇ ਹੇਠਾਂ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾ ਰਹੀ ਹੈ ।

**ਖੀਰਾ** : ਖੀਰਾ ਮੁੱਖ ਤੌਰ ਤੇ ਗਰਮ ਮੌਸਮ ਦੀ ਫਸਲ ਹੈ । ਇਹ ਫਸਲ ਕੋਹਰੇ ਦਾ ਹਮਲਾ ਬਰਦਾਸ਼ਤ ਨਹੀਂ ਕਰ ਸਕਦੀ । ਜ਼ਿਆਦਾ ਸਿੱਲ੍ਹੇ ਮੌਸਮ ਹੋਣ ਕਾਰਨ ਇਸ ਫਸਲ ਉੱਪਰ ਚਿੱਟੇ ਅਤੇ ਪੀਲੇ ਧੱਬਿਆਂ ਦੇ ਰੋਗ ਵਰਗੀਆਂ ਬਿਮਾਰੀਆਂ ਦਾ ਹਮਲਾ ਹੋਣ ਦਾ ਡਰ ਰਹਿੰਦਾ ਹੈ । ਖੀਰੇ ਦੀ ਫਸਲ ਲਈ 26.4 ਡਿਗਰੀ ਸੈਂਟੀਗ੍ਰੇਡ ਦਾ ਤਾਪਮਾਨ ਬਹੁਤ ਢੁੱਕਵਾਂ ਹੈ । ਜੇਕਰ 25 ਡਿਗਰੀ ਦਾ ਤਾਪਮਾਨ ਹੋਵੇ ਤਾਂ ਇਸ ਦਾ ਬੀਜ ਚੰਗੀ ਤਰ੍ਹਾਂ ਉੱਗਦਾ ਹੈ । ਖੀਰੇ ਦੀ ਫਸਲ ਲਈ ਮੈਰਾ ਜ਼ਮੀਨ ਬਹੁਤ ਚੰਗੀ ਹੁੰਦੀ ਹੈ । ਖੀਰਿਆਂ ਦੀ ਅਗੇਤੀ ਪੈਦਾਵਾਰ ਲੈਣ ਲਈ ਸੁਰੰਗਾਂ ਵਿਚ ਖੇਤੀ ਕੀਤੀ ਜਾ ਸਕਦੀ ਹੈ । ਇਸ ਢੰਗ ਨਾਲ ਅਸੀਂ ਇਸ ਫਸਲ ਨੂੰ ਦਸੰਬਰ ਤੋਂ ਫਰਵਰੀ ਤੱਕ ਠੰਡ ਅਤੇ ਕੋਹਰੇ ਤੋਂ ਬਚਾ ਸਕਦੇ ਹਾਂ । ਅਜਿਹਾ ਕਰਨ ਲਈ ਢਾਈ ਢਾਈ ਮੀਟਰ ਦੀਆਂ ਚੌੜੀਆਂ ਪੱਟੜੀਆਂ ਬਣਾ ਲਉ ਅਤੇ ਦਸੰਬਰ ਦੇ ਮਹੀਨੇ ਵਿਚ ਪੱਟੜੀਆਂ ਦੇ ਦੋਨੋਂ ਪਾਸੇ 45 ਸੈਂਟੀਮੀਟਰ ਦੇ ਫਾਸਲੇ ਉੱਪਰ ਬੀਜਾਂ ਨੂੰ ਬੀਜ ਦਿਉ । ਬਿਜਾਈ ਕਰਨ ਤੋਂ ਪਹਿਲਾਂ ਦੋ ਮੀਟਰ ਲੰਬੇ ਸਰੀਏ ਤੇ ਅਰਧ ਗੋਲੇ ਬਣਾ ਲਉ ਅਤੇ ਇਨ੍ਹਾਂ ਨੂੰ ਦੋ-ਦੋ ਮੀਟਰ ਦੇ ਫਾਸਲੇ ਉੱਪਰ ਇਸ ਤਰ੍ਹਾਂ ਗੱਡ ਦਿਉ ਤਾਂ ਜੋ ਖਾਲੀ ਦੇ ਦੋਨੋ ਪਾਸੇ ਢਕੇ ਜਾਣ ਅਤੇ ਬੂਟੇ ਵਿਚ ਆ ਜਾਣ । ਇਸ ਤੋਂ ਬਾਅਦ ਅਰਧ ਗੋਲਿਆਂ ਉੱਪਰ 100 ਗੇਜ ਦੀਆਂ ਪਲਾਸਟਿਕ ਸ਼ੀਟਾਂ ਵਿਛਾ ਦਿਉ ਅਤੇ ਇਨ੍ਹਾਂ ਦੇ ਪਾਸਿਆਂ ਨੂੰ ਜ਼ਮੀਨ ਵਿਚ ਦਬਾ ਦਿਓ । ਫਰਵਰੀ ਦੇ ਮਹੀਨੇ ਵਿੱਚ ਜਦੋਂ ਤਾਪਮਾਨ ਵੱਧ ਜਾਵੇ ਤਾਂ ਇਨ੍ਹਾਂ ਸ਼ੀਟਾਂ ਨੂੰ ਉਤਾਰ ਕੇ ਸੰਭਾਲ ਲਓ ।

**ਬੈਂਗਣ** : ਬੈਂਗਣਾਂ ਨੂੰ ਵਧਣ ਫੁੱਲਣ ਲਈ ਲੰਮੇ ਅਤੇ ਗਰਮ ਮੌਸਮ ਦੀ ਲੋੜ ਹੈ । ਬਹੁਤਾ ਕੋਹਰਾ ਪੈਣ ਨਾਲ ਇਸ ਦੇ ਪੌਦੇ ਮਰ ਜਾਂਦੇ ਹਨ । ਕੜਕਦੀ ਠੰਡ ਵੀ ਜੇ ਲਗਾਤਾਰ ਕਾਫੀ ਚਿਰ ਪੈਂਦੀ ਰਹੇ ਤਾਂ ਵੀ ਫਸਲ ਨੂੰ ਕਾਫੀ ਨੁਕਸਾਨ ਪਹੁੰਚਦਾ ਹੈ । ਇਸ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ ਵਾਲੀ ਜਰਖੇਜ਼ ਜਮੀਨ ਯੋਗ ਹੁੰਦੀ ਹੈ । ਇਸ ਦੇ ਪੌਦੇ ਸਖਤਜਾਨ ਹੁੰਦੇ ਹਨ ਅਤੇ ਕਈ ਤਰ੍ਹਾਂ ਦੀ ਜ਼ਮੀਨ ਵਿਚ ਹੋ ਸਕਦੇ ਹਨ । ਪਰ ਰੇਤਲੀ ਮੈਰਾ ਜਾਂ ਚੀਕਣੀ ਮੈਰਾ ਜ਼ਮੀਨ ਇਸ ਲਈ ਸਭ ਤੋਂ ਢੁੱਕਵੀਂ ਹੈ । ਜੇ ਜ਼ਮੀਨ ਕੁਦਰਤੀ ਤੌਰ ਤੇ ਉਪਜਾਊ ਨਾ ਹੋਵੇ ਤਾਂ ਉਸ ਵਿਚ ਰੂੜੀ ਅਤੇ ਜ਼ਿਆਦਾ ਪੈਦਾਵਾਰ ਲੈਣ ਲਈ ਸੁਰੰਗਾਂ



ਵਿਚ ਖੇਤੀ ਕਰਨਾ ਬਹੁਤ ਲਾਹੇਵੰਦ ਹੈ । ਬੈਂਗਣ ਦੀ ਪਨੀਰੀ ਨਵੰਬਰ ਦੇ ਪਹਿਲੇ ਹਫਤੇ ਵਿਚ ਕਤਾਰ ਤੋਂ ਕਤਾਰ ਦਾ ਫਾਸਲਾ 90 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 30 ਸੈਂਟੀਮੀਟਰ ਰੱਖ ਕੇ ਪੱਟੜੀਆਂ ਉੱਪਰ ਲਗਾ ਦਿਓ । ਦਸੰਬਰ ਦੇ ਸ਼ੁਰੂ ਵਿਚ ਲੋਹੇ ਸਰੀਏ ਦੇ ਅਰਧ ਗੋਲੇ ਬਣਾ ਕੇ 2-2 ਮੀਟਰ ਦੀ ਵਿੱਥ ਤੇ ਲਗਾ ਦਿਓ । ਜਦੋਂ ਫਰਵਰੀ ਮਹੀਨੇ ਹਵਾ ਦਾ ਤਾਪਮਾਨ ਵੱਧ ਜਾਵੇ ਤਾਂ ਇਨ੍ਹਾਂ ਨੂੰ ਉਤਾਰ ਦਿਓ ।

**ਸ਼ਿਮਲਾ ਮਿਰਚ** : ਸ਼ਿਮਲਾ ਮਿਰਚ ਲਈ ਚੰਗੀ ਮਿਆਰ ਦੇ ਫਲ ਪੈਦਾ ਕਰਨ ਲਈ 16-18 ਡਿਗਰੀ ਸੈਂਟੀਗ੍ਰੇਡ ਤਾਪਮਾਨ ਚਾਹੀਦਾ ਹੈ । ਜਦੋਂ ਤਾਪਮਾਨ 16 ਡਿਗਰੀ ਸੈਂਟੀਗ੍ਰੇਡ ਤੋਂ ਲੰਮੇ ਸਮੇਂ ਲਈ ਘੱਟ ਜਾਂਦਾ ਹੈ ਤਾਂ ਪੌਦੇ ਦਾ ਵਾਧਾ ਅਤੇ ਝਾੜ ਘੱਟ ਜਾਂਦਾ ਹੈ । ਇਹ ਦਿਨ ਦਾ ਤਾਪਮਾਨ 30 ਡਿਗਰੀ ਸੈਂਟੀਗ੍ਰੇਡ ਤੋਂ ਉੱਪਰ ਅਤੇ ਰਾਤ ਦਾ ਤਾਪਮਾਨ 21-24 ਡਿਗਰੀ ਸੈਂਟੀਗ੍ਰੇਡ ਸਹਾਰ ਸਕਦੀ ਹੈ । ਜ਼ਿਆਦਾ ਤਾਪਮਾਨ ਅਤੇ ਖੁਸ਼ਕ ਹਵਾਵਾਂ ਹਾਨੀਕਾਰਕ ਹੁੰਦੀਆਂ ਹਨ । ਇਸ ਨਾਲ ਫੁੱਲ ਅਤੇ ਫਲ ਘੱਟ ਲੱਗਦੇ ਹਨ । ਸ਼ਿਮਲਾ ਮਿਰਚ ਵਿਚ ਰੌਸ਼ਨੀ ਅਤੇ ਨਮੀ ਨੂੰ ਸਹਿਣ ਦੀ ਸਮਰੱਥਾ ਹੈ । ਸ਼ਿਮਲਾ ਮਿਰਚ ਦੀ ਅਗੇਤੀ ਪੈਦਾਵਾਰ ਵੀ ਸੁਰੰਗਾਂ ਵਿਚ ਖੇਤੀ ਕਰਕੇ ਨਾਲ ਜਾ ਸਕਦੀ ਹੈ । ਇਸ ਨਾਲ ਦਸੰਬਰ ਤੋਂ ਅੱਧ ਫਰਵਰੀ ਤੱਕ ਜਦੋਂ ਤਾਪਮਾਨ ਬਹੁਤ ਘੱਟ ਜਾਂਦਾ ਹੈ ਅਤੇ ਕੋਹਰੇ ਦੇ ਪੈਣ ਕਾਰਨ ਬੂਟਿਆਂ ਨੂੰ ਬਚਾਇਆ ਜਾ ਸਕਦਾ ਹੈ । ਸ਼ਿਮਲਾ ਮਿਰਚ ਦੀ ਪਨੀਰੀ ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਬੀਜ ਦਿਓ । ਇਸ ਸਮੇਂ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ, ਜੋ ਵਿਸ਼ਾਣੂੰ ਰੋਗ ਨੂੰ ਫੈਲਾਉਂਦੀ ਹੈ । ਇਸ ਲਈ ਨਰਸਰੀ ਵਿੱਚ ਉੱਗ ਰਹੀ ਪਨੀਰੀ ਨੂੰ ਨਾਈਲੋਨ ਨੈਟ ਨਾਲ ਢੱਕ ਦਿਉ । ਜਦੋਂ ਬੂਐ 4-5 ਹਫਤੇ ਦੇ ਹੋ ਜਾਣ ਤਾਂ 130 ਸੈਂਟੀਮੀਟਰ ਚੌੜੀਆਂ ਪੱਟੜੀਆਂ ਬਣਾ ਦਿਓ ਅਤੇ ਪੱਟੜੀਆਂ ਦੇ ਦੋਹੇਂ ਪਾਸੇ 30-30 ਸੈਂਟੀਮੀਟਰ ਦੀ ਵਿੱਥ ਉੱਪਰ ਬੂਟੇ ਲਗਾ ਦਿਓ । ਦਸੰਬਰ ਦੇ ਸ਼ੁਰੂ ਵਿਚ ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾ ਕੇ 2-2 ਮੀਟਰ ਦੀ ਵਿੱਥ ਉੱਪਰ ਇਨ੍ਹਾਂ ਨੂੰ ਲਗਾ ਦਿਓ ਤਾਂ ਜੋ ਖਾਲੀਆਂ ਦੇ ਦੋਹੇਂ ਪਾਸੇ ਬੂਟੇ ਇਨ੍ਹਾਂ ਅਰਧ ਗੋਲਿਆਂ ਦੇ ਵਿਚਕਾਰ ਆ ਜਾਣ । ਅਰਧ ਗੋਲੇ ਬਣਾਉਣ ਲਈ ਦੋ ਮੀਟਰ ਲੰਬੇ ਸਰੀਏ ਮਰੋੜ ਕੇ ਇਸ ਤਰ੍ਹਾਂ ਬਣਾ ਲਉ ਜਿਸ ਨਾਲ ਜਦੋਂ ਜ਼ਮੀਨ ਵਿਚ ਗੱਡੀਏ ਤਾਂ ਇਨ੍ਹਾਂ ਦੀ ਉਚਾਈ 45-60 ਸੈਂਟੀਮੀਟਰ ਹੋ ਜਾਵੇ । ਇਨ੍ਹਾਂ ਗੋਲਿਆਂ ਉੱਪਰ 10 ਗੇਜ ਮੋਟੀ ਪਲਾਸਟਿਕ ਦੀ ਸ਼ੀਟ ਪਾ ਦਿਓ । ਪਲਾਸਟਿਕ ਦੀਆਂ ਸ਼ੀਟਾਂ ਨੂੰ ਪਾਸਿਆਂ ਤੋਂ ਮਿੱਟੀ ਨਾਲ ਦਬਾ ਦਿਓ । ਪਲਾਸਟਿਕ ਦੇ ਨਾਲ ਸੁਰੰਗਾਂ ਦਾ ਤਾਪਮਾਨ ਵਧ ਜਾਂਦਾ ਹੈ । ਜਦੋਂ ਫਰਵਰੀ ਦੇ ਮਹੀਨੇ ਵਿਚ ਤਾਪਮਾਨ ਵੱਧ ਜਾਵੇ ਤਾਂ ਇਨ੍ਹਾਂ ਸ਼ੀਟਾਂ ਨੂੰ ਉਤਾਰ ਦਿਓ ।

---

# ਲੱਸਣ ਦੀ ਜੈਵਿਕ ਖੇਤੀ ਕਰਕੇ ਲੱਖਾਂ ਰੁਪਏ ਕਮਾ ਸਕਦੇ

**ਕਿਸਾਨ ਲਸਣ ਦੀ ਜੈਵਿਕ ਖੇਤੀ ਕਰਕੇ 6 ਮਹੀਨਿਆਂ ਵਿਚ ਆਸਾਨੀ ਨਾਲ ਲੱਖਾਂ ਰੁਪਏ ਕਮਾ ਸਕਦੇ ਹਨ । ਜੈਵਿਕ ਫਲਾਂ ਅਤੇ ਸਬਜ਼ੀਆਂ ਦੀ ਵਧਦੀ ਮੰਗ ਅਤੇ ਉਨ੍ਹਾਂ ਦੀਆਂ ਲਾਹੇਵੰਦ ਕੀਮਤਾਂ ਦੇ ਨਾਲ, ਲਸਣ ਦੀ ਜੈਵਿਕ ਖੇਤੀ ਕਰਨਾ ਕਮਾਈ ਵਿਚ ਵੱਡੇ ਪੱਧਰ 'ਤੇ ਵਾਧਾ ਕਰ ਸਕਦਾ ਹੈ ।**

**ਸਹੀ ਸਮਾਂ ਜੁਲਾਈ ਦਾ ਮਹੀਨਾ** : ਲਸਣ ਦੀ ਜੈਵਿਕ ਖੇਤੀ ਲਈ ਸਹੀ ਸਮਾਂ ਜੁਲਾਈ ਦਾ ਮਹੀਨਾ ਹੈ । ਇਸ ਸਮੇਂ ਖੇਤ ਨੂੰ ਵਾਹੁਣ ਤੋਂ ਬਾਅਦ ਢੁਕਵੀਂ ਹਰੀ ਖਾਦ ਪਾ ਕੇ ਖੇਤ ਦੀ ਤਿਆਰੀ ਕੀਤੀ ਜਾ ਸਕਦੀ ਹੈ । ਸਮੇਂ-ਸਮੇਂ 'ਤੇ ਮਿੱਟੀ ਨੂੰ 'ਪਲਟ-ਬਦਲ' ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਬੂਟਿਆਂ ਨੂੰ ਪੂਰਾ ਪੋਸ਼ਣ ਮਿਲ ਸਕੇ ।

**ਉਤਪਾਦਨ ਲਈ ਖਾਦ ਦੀ ਵਰਤੋਂ** : ਲਸਣ ਦੀ ਫਸਲ ਦਾ ਝਾੜ ਵਧਾਉਣ ਲਈ ਤੁਹਾਨੂੰ ਮਿੱਟੀ ਵਿਚ ਗੋਬਰ ਦੀ ਖਾਦ ਤੇ ਕੰਪੋਸਟ ਨੂੰ ਮਿਲਾਉਣਾ ਚਾਹੀਦਾ ਹੈ । ਨਿੰਮ ਦੇ ਪੱਤਿਆਂ ਤੋਂ ਬਣੀ ਖਾਦ ਵੀ ਲਾਭਦਾਇਕ ਹੈ । ਫਸਲ ਦੀ ਬਿਜਾਈ ਤੋਂ 15-20 ਦਿਨਾਂ ਬਾਅਦ ਕੰਪੋਸਟ ਜਾਂ ਗੋਬਰ ਮਿਲਾਉਣਾ ਚਾਹੀਦਾ ਹੈ ਤਾਂ ਜੋ ਬੂਟਿਆਂ ਨੂੰ ਲੋੜੀਂਦਾ ਪੋਸ਼ਣ ਮਿਲ ਸਕੇ ।

**ਪਹਿਲੀ ਸਿੰਚਾਈ ਬਿਜਾਈ ਤੋਂ 8-10 ਦਿਨਾਂ ਬਾਅਦ** : ਪਹਿਲੀ ਸਿੰਚਾਈ ਲਸਣ ਦੀ ਬਿਜਾਈ ਤੋਂ 8-10 ਦਿਨਾਂ ਬਾਅਦ ਕਰੋ । ਮਿੱਟੀ ਦੀ ਕੁਆਲਿਟੀ ਦੇ ਹਿਸਾਬ ਨਾਲ ਦੂਜੀ ਸਿੰਚਾਈ ਦਾ ਅੰਤਰਾਲ 20-25 ਦਿਨਾਂ ਦਾ ਰੱਖੋ ਤਾਂ ਜੋ ਬੂਟਿਆਂ ਨੂੰ ਪਾਣੀ ਦੀ ਸਹੀ ਮਾਤਰਾ ਮਿਲ ਸਕੇ ।

**ਸੁੱਕਣ ਤੋਂ ਬਾਅਦ ਸਹੀ ਸਟੋਰੇਜ ਕਰੋ** : ਲਸਣ ਦੀ ਪੂਰੀ ਫਸਲ ਤਿਆਰ ਹੋਣ ਵਿਚ 5-6 ਮਹੀਨੇ ਲੱਗ ਜਾਂਦੇ ਹਨ । ਜਦੋਂ ਪੱਤੇ ਪੀਲੇ ਪੈ ਜਾਣ ਤਾਂ ਸਿੰਚਾਈ ਬੰਦ ਕਰੋ ਅਤੇ ਬੂਟਿਆਂ ਨੂੰ ਕੁੱਝ ਦਿਨਾਂ ਲਈ ਧੁੱਪ ਵਿਚ ਸੁੱਕਣ ਦਿਓ । ਫਿਰ ਇਨ੍ਹਾਂ ਨੂੰ ਛਾਂ ਵਿਚ ਸੁਕਾ ਕੇ ਸਹੀ ਸਟੋਰੇਜ ਲਈ ਤਿਆਰ ਕਰੋ । ਇਸ ਤਰ੍ਹਾਂ ਲਸਣ ਨੂੰ 6-8 ਮਹੀਨੇ ਤੱਕ ਸਟੋਰ ਕੀਤਾ ਜਾ ਸਕਦਾ ਹੈ ।

ਤੁਸੀਂ ਲਸਣ ਦੀ ਜੈਵਿਕ ਖੇਤੀ ਕਰਕੇ ਆਸਾਨੀ ਨਾਲ ਪੈਸੇ ਦੀ ਬਚਤ ਕਰ ਸਕਦੇ ਹੋ । ਧਿਆਨ ਦਿਓ ਕਿ ਸਹੀ ਸਮੇਂ 'ਤੇ ਪਾਣੀ ਪਿਆਉਣ, ਖਾਦ ਪਾਉਣ ਅਤੇ ਸਟੋਰ ਕਰਨ ਦੀ ਪ੍ਰਕਿਰਿਆ ਦੀ ਪਾਲਣਾ ਕਰੋ ਤਾਂ ਜੋ ਤੁਹਾਡੀ ਖੇਤੀ ਸਫਲ ਹੋ ਸਕੇ । ਜੈਵਿਕ ਖੇਤੀ ਨਾਲ ਨਾ ਸਿਰਫ ਤੁਹਾਡੀ ਆਮਦਨ ਵਿਚ ਵਾਧਾ ਹੋਵੇਗਾ, ਸਗੋਂ ਤੁਹਾਨੂੰ ਲੋੜੀਂਦੀ ਮਾਤਰਾ ਵਿਚ ਸਿਹਤਮੰਦ ਅਤੇ ਕੁਦਰਤੀ ਭੋਜਨ ਮਿਲੇਗਾ । ਇਸ ਦੌਰਾਨ ਜਾਣਕਾਰੀ ਦਿੰਦੇ ਪਿੰਡ ਲਿੱਦੜਾਂ ਦੇ ਪੰਚ ਪਨੀਤ ਸਿੰਘ ਲਿੱਦੜ ਨੇ ਦੱਸਿਆ ਕੀ ਉਹ ਪਿਛਲੇ 10 ਸਾਲ ਤੋਂ ਲਸਣ ਦੀ ਜੈਵਿਕ ਖੇਤੀ ਕਰ ਰਹੇ ਹਨ । ਉਨ੍ਹਾਂ ਦੱਸਿਆ ਕਿ ਇਸ ਦੀ ਖੇਤੀ ਕਰਨ ਨਾਲ ਉਨ੍ਹਾਂ ਦੀ ਕਮਾਈ ਵਿਚ ਵਾਧਾ ਹੋਇਆ ਹੈ ।

# ਫਸਲਾਂ ਦਾ ਦੁਸ਼ਮਣ ਕੀੜਾ ਸਿਉਂਕ

ਡਾ. ਅਭੀਸ਼ੇਕ ਸ਼ੁਕਲਾ, ਕੀਟ ਵਿਗਿਆਨ ਵਿਭਾਗ,
ਐਨ. ਐਮ. ਖੇਤੀ ਯੂਨੀਵਰਸਿਟੀ, ਨਵਸਾਰੀ (ਗੁਜਰਾਤ)

**ਸਿਉਂਕ** : ਇਕ ਬਹੁਤ ਹੀ ਮਹੱਤਵਪੂਰਣ ਨਾਸ਼ੀ-ਕੀੜਾ ਹੈ । ਜੋ ਕਿ ਗਰਮ-ਥਾਂਵਾਂ ਵਿੱਚ ਪੈਦਾ ਹੋਣ ਵਾਲੀਆਂ ਫਸਲਾਂ ਜਿਵੇਂ ; ਕਣਕ, ਮੂੰਗਫਲੀ, ਗੰਨਾ, ਮੱਕੀ, ਕਪਾਹ, ਭਿੰਡੀ, ਵੇਂਗਣ, ਮਿਰਚ, ਫਲਦਾਰ ਪੌਦੇ, ਜੰਗਲੀ ਪੌਦੇ, ਜੰਗਲੀ ਪੌਦੇ ਅਤੇ ਬਾਗਬਾਨੀ ਫਸਲਾਂ ਦੇ ਪੌਦਿਆਂ ਨੂੰ ਭਾਰੀ ਨੁਕਸਾਨ ਕਰਦਾ ਹੈ । ਸਿਉਂਕ ਦਾ ਹਮਲਾ ਰੇਤੀਲੀਆਂ ਅਤੇ ਹਲਕੀਆਂ ਜ਼ਮੀਨਾਂ ਵਿਚ ਵਧੇਰੇ ਹੁੰਦਾ ਹੈ । ਇਸ ਤੋਂ ਇਸ ਕੀੜੇ ਵੱਲੋਂ, ਘਰਾਂ ਦੇ ਫਰਨੀਚਰ, ਖਿੜਕੀਆਂ, ਦਰਵਾਜ਼ਿਆਂ, ਕਿਤਾਬਾਂ ਆਦਿ ਦਾ ਵੀ ਕਾਫੀ ਨੁਕਸਾਨ ਕੀਤਾ ਜਾਂਦਾ ਹੈ । ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਨ, ਸਿਉਂਕ ਫਸਲਾਂ ਅਤੇ ਕਿਸਾਨਾਂ ਦਾ ਇੱਕ ਵੱਡਾ ਦੁਸ਼ਮਣ ਹੈ । ਆਮ ਤੌਰ ਤੇ ਸਿਉਂਕ ਕਿਸਾਨਾਂ ਦੇ ਲਈ ਇਕ ਵੱਡਾ ਦੁਸ਼ਮਣ ਕੀੜਾ ਹੈ, ਪ੍ਰੰਤੂ ਨਾਲ ਹੀ ਇਹ ਜ਼ਮੀਨ ਵਿੱਚ ਜੈਵਿਕ ਪਦਾਰਥਾਂ ਦਾ ਚੱਕਰੀ-ਕਰਣ ਕਰਕੇ ਜ਼ਮੀਨ ਦੀ ਉਪਜਾਊ-ਸ਼ਕਤੀ ਵਧਾਉਣ ਵਿੱਚ ਮਦਦ ਕਰਦਾ ਹੈ । ਇਸ ਕੀੜੇ ਦੀ ਪ੍ਰਭਾਵੀ ਰੋਕਥਾਮ, ਇਸਦੀ ਪਹਿਚਾਨ, ਜੀਵਨ-ਚੱਕਰ ਆਦਿ ਦੇ ਵਿਸ਼ੇ ਸਬੰਧੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ, ਜਿਸ ਰਾਹੀਂ ਅਸੀਂ ਇਸ ਬਹੁ-ਭਖਸ਼ੀ ਅਤੇ ਸਰਵਨਾਸ਼ੀ ਕੀੜੇ ਦੀ ਪ੍ਰਭਾਵੀ ਰੋਕਥਾਮ ਕਰ ਸਕੀਏ । ਇਸ ਲੇਖ ਵਿੱਚ ਸਿਉਂਕ ਦੇ ਵਿਸ਼ੇ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜੋ ਸਾਡੇ ਕਿਸਾਨ ਭਰਾਵਾਂ ਲਈ ਉਪਯੋਗੀ ਸਾਬਿਤ ਹੋਵੇਗੀ ।

**ਸਿਉਂਕ ਦੀ ਪਹਿਚਾਣ** : ਸਿਉਂਕ, ਪੀਲਾਪਨ ਸਫੇਦ ਰੰਗ ਦਾ ਕੀੜਾ ਹੈ । ਇਸ ਦਾ ਸਰੀਰ ਬਹੁਤ ਹੀ ਕੋਮਲ, ਚਪਟਾ ਹੁੰਦਾ ਹੈ । ਇਸਦਾ ਮੂੰਹ ਕੱਟਣ ਅਤੇ ਚਬਾਉਣ ਵਾਲਾ ਹੁੰਦਾ ਹੈ ਅਤੇ ਇਸ ਵਿੱਚ ਨੁਕਸਾਨ ਕਰਨ ਦੀ ਸ਼ਕਤੀ ਬਹੁਤ ਹੁੰਦੀ ਹੈ । ਇਹ ਕੀੜਾ ਜ਼ਮੀਨ ਦੇ ਅੰਦਰ ਅਤੇ ਬਾਹਰ ਆਪਣਾ ਘਰ (ਟਰਮੀਟੇਰੀਅਮ) ਬਣਾ ਕੇ ਰਹਿੰਦਾ ਹੈ । ਸਿਉਂਕ ਇਕ ਬਹੁ-ਰੂਪੀ ਅਤੇ ਬਹੁ-ਭੋਜੀ ਕੀੜਾ ਹੈ, ਜੋ ਸਮਾਜਿਕ ਰੂਪ ਵਿੱਚ, ਇਕ ਘਰ ਵਿੱਚ ਰਹਿੰਦਾ ਹੈ । ਇਸ ਦੇ ਪ੍ਰੀਵਾਰ ਵਿੱਚ ਰਾਜਾ, ਰਾਣੀ, ਸੈਨਿਕ ਅਤੇ ਮਜ਼ਦੂਰ ਮਿਲਕੇ ਰਹਿੰਦੇ ਹਨ । ਸਿਉਂਕ ਦੇ ਪ੍ਰੀਵਾਰ ਵਿੱਚ ਮਜ਼ਦੂਰਾਂ/ਕਾਮਿਆਂ ਦੀ ਗਿਣਤੀ ਸਭ ਤੋਂ ਵੱਧ ਹੁੰਦੀ ਹੈ ਅਤੇ ਇਹੀ ਮਜ਼ਦੂਰ/ਕਾਮੇ ਵਰਗ ਦੀ ਸਿਉਂਕ ਖੇਤੀ ਅਤੇ ਬਾਗਬਾਨੀ ਫਸਲਾਂ ਦਾ ਨੁਕਸਾਨ ਕਰਦੀ ਹੈ । ਸਿਉਂਕ ਦੇ ਹਰ ਵਰਗ ਦਾ ਉਨ੍ਹਾਂ ਦੇ ਪ੍ਰੀਵਾਰ, ਇਕ ਨਿਸ਼ਚਿਤ ਕਾਰਜ ਕਰਨਾ ਹੁੰਦਾ ਹੈ ਅਤੇ ਇਸੇ ਕਰਕੇ, ਉਨ੍ਹਾਂ ਦੀ ਬਣਤਰ ਉਸੇ ਤਰ੍ਹਾਂ ਹੁੰਦੀ ਹੈ । ਆਮ ਤੌਰ ਤੇ ਸਿਉਂਕ ਦੀਆਂ ਕਾਲੋਨੀਆਂ ਵਿੱਚ ਦੋ ਤਰ੍ਹਾਂ ਦੀਆਂ ਕਿਸਮਾਂ ਹੁੰਦੀਆਂ ਹਨ, ਪਹਿਲੀ ਬੱਚੇ ਪੈਦਾ ਕਰਨ ਵਾਲੀ, ਜਿਸ ਵਿੱਚ ਰਾਜਾ ਅਤੇ ਰਾਣੀ ਮੇਲ



ਕਰਦੇ ਹਨ, ਜਿਨ੍ਹਾਂ ਦੀ ਸ਼ੁਰੂਆਤੀ ਅਵਸਥਾ ਸਮੇਂ ਪੰਖ ਪਾਏ ਜਾਂਦੇ ਹਨ, ਜਦੋਂ ਕਿ ਇਨ੍ਹਾਂ ਵਿੱਚ ਨਪੁੰਸਕ ਵਰਗ ਵੀ ਹੁੰਦਾ ਹੈ, ਜਿਸ ਵਿੱਚ ਸੈਨਿਕ ਅਤੇ ਮਜ਼ਦੂਰ/ਕਾਮੇ ਵੀ ਸ਼ਾਮਿਲ ਹੁੰਦੇ ਹਨ, ਜਿਨ੍ਹਾਂ ਦੇ ਪੰਖ ਨਹੀਂ ਹੁੰਦੇ । ਇਹਨਾਂ ਸਾਰੇ ਕੀੜਿਆਂ ਦੇ ਵਰਗਾਂ ਦੀ ਕੁਝ ਵਿਸ਼ੇਸ਼ ਜਾਣਕਾਰੀ, ਹੇਠਾਂ ਅਨੁਸਾਰ ਹੈ ;

**ਰਾਜਾ** : ਆਪਣੀ ਸ਼ੁਰੂਆਤੀ ਅਵੱਸਥਾ ਵਿੱਚ ਰਾਜਾ ਦੇ ਸਰੀਰ ਤੇ ਪੰਖ ਹੁੰਦੇ ਹਨ, ਪ੍ਰੰਤੂ ਮਾਦਾ ਨਾਲ ਸੰਭੋਗ/ਮੇਲ ਕਰਨ ਤੋਂ ਬਾਅਦ, ਇਸ ਦੇ ਪੰਖ ਗਿਰ ਜਾਂਦੇ ਹਨ । ਰਾਜਾ ਦਾ ਆਕਾਰ, ਰਾਣੀ ਦੇ ਮੁਕਾਬਲੇ ਕੁਝ ਛੋਟਾ ਹੁੰਦਾ ਹੈ । ਮਾਦਾ ਨਾਲ ਮਿਲਾਪ ਕਰਨ ਤੋਂ ਬਾਅਦ, ਇਸ ਦੇ ਆਕਾਰ ਵਿੱਚ ਕੁਝ ਵਾਧਾ ਵੀ ਹੁੰਦਾ ਹੈ । ਇਹ ਆਪਣੇ ਸੰਪੂਰਨ ਜੀਵਨ-ਕਾਲ ਸਮੇਂ, ਰਾਣੀ ਦੇ ਨਾਲ ਹੀ ਰਹਿੰਦਾ ਹੈ ਅਤੇ ਆਵੱਸ਼ਕਤਾ ਅਨੁਸਾਰ, ਸਮੇਂ ਸਮੇਂ ਤੇ ਮਿਲਾਪ ਕਰਦਾ ਰਹਿੰਦਾ ਹੈ ।

**ਰਾਣੀ** : ਸਿਉਂਕ ਦੀ ਕਾਲੋਨੀ ਵਿਚ ਰਾਣੀ ਦਾ ਸਥਾਨ, ਸਭ ਤੋਂ ਮਹੱਤਵਪੂਰਣ ਹੁੰਦਾ ਹੈ । ਰਾਣੀ ਦਾ ਮੁੱਖ ਕਾਰਜ, ਆਪਣੀ ਕਾਲੋਨੀ ਦੀ ਸਹੀ ਤਰੀਕੇ ਨਾਲ ਬਣਤਰ ਕਰਨੀ ਅਤੇ ਅੰਡੇ ਦੇ ਕੇ ਗਿਣਤੀ ਵਿੱਚ ਵਾਧਾ ਕਰਨਾ ਹੈ । ਰਾਣੀ ਦੇ ਪੇਟ ਵਿੱਚ ਭਾਰੀ ਗਿਣਤੀ ਵਿੱਚ ਅੰਡੇ ਭਰਨ ਕਾਰਨ, ਬਹੁਤ ਵੱਡਾ ਦਿਸਦਾ ਹੈ । ਇਸ ਦੀ ਲੰਬਾਈ .8 ਤੋਂ 1.0 ਸੈਂਟੀਮੀਟਰ ਜਿਤਨੀ ਹੁੰਦੀ ਹੈ । ਇਸ ਦਾ ਆਕਾਰ ਬਹੁਤ ਵੱਡੇ ਹੋਣ ਕਾਰਨ ਅਤੇ ਪੈਰਾਂ ਦਾ ਆਕਾਰ, ਬਹੁਤ ਹੀ ਛੋਟੇ ਹੋਣ ਕਾਰਨ, ਚਲ ਫਿਰ ਨਹੀਂ ਸਕਦੀ ਅਤੇ ਵਿਸ਼ੇਸ਼ ਤਰ੍ਹਾਂ ਦੇ ਰਾਇਲ ਚੈਂਬਰ ਵਿੱਚ ਰਹਿੰਦੀ ਹੈ । ਮਜ਼ਦੂਰ/ਕਾਮੀ ਸਿਉਂਕ ਇਸ ਨੂੰ ਭੋਜਨ ਦੇਣ ਅਤੇ ਪੋਸ਼ਣ ਕਰਦੀਆਂ ਹਨ ।

**ਮਜ਼ਦੂਰ/ਕਾਮੇ** : ਇਹਨਾਂ ਦੀ ਲੰਬਾਈ ਸੈਂਟੀਮੀਟਰ ਜਿਤਨੀ ਹੁੰਦੀ ਹੈ । ਇਨ੍ਹਾਂ ਦਾ ਪ੍ਰਮੁੱਖ ਕੰਮ, ਰਾਣੀ ਵਲੋਂ ਦਿੱਤੇ ਅੰਡਿਆਂ ਨੂੰ ਸਹੀ ਥਾਂ ਤੇ ਰੱਖਣਾ, ਕਾਲੋਨੀ ਦੇ ਨਿਰਮਾਣ ਅਤੇ ਉਸ ਦੀ ਮੁਰੰਮਤ ਕਰਨਾ, ਅੰਡਿਆਂ ਵਿਚੋਂ ਨਿਕਲੇ ਬੱਚਿਆਂ ਦੀ ਸਾਰੀ ਸੰਭਾਲ ਅਤੇ ਉਹਨਾਂ ਦਾ ਪਾਲਣ ਪੋਸ਼ਣ ਕਰਨਾ, ਕਾਲੋਨੀ ਦੀ ਸਫਾਈ ਦਾ ਧਿਆਨ ਰੱਖਣਾ ਅਤੇ ਸੰਪੂਰਣ ਕਾਲੋਨੀ ਦੇ ਲਈ ਭੋਜਨ-ਪੋਸ਼ਣ ਦਾ ਇੰਤਜ਼ਾਮ ਕਰਨਾ ਹੈ । ਮਜ਼ਦੂਰ/ਕਾਮੇ ਸਿਉਂਕ, ਆਪਣੀ ਕਾਲੋਨੀ ਦੀ ਭੋਜਨ-ਪੋਸ਼ਣ ਦੀ ਲੋੜ ਦੀ ਪੂਰਤੀ ਕਰਨ ਲਈ, ਫਫੂੰਦੀ ਦੀ ਖੇਤੀ ਕਰਦੀ ਹੈ । ਸਿਉਂਕ ਦੀ ਕਾਲੋਨੀ ਵਿੱਚ, ਸਭ ਤੋਂ ਵਧੇਰੇ ਗਿਣਤੀ ਮਜ਼ਦੂਰ/ਕਾਮੇ ਸਿਉਂਕ ਦੀ ਹੁੰਦੀ ਹੈ ।

**ਸੈਨਿਕ** : ਸਿਉਂਕ ਦੀ ਕਾਲੋਨੀ ਵਿੱਚ 2 ਤੋਂ 3% ਸੈਨਿਕ ਸਿਉਂਕ ਦੀ ਗਿਣਤੀ ਹੁੰਦੀ ਹੈ । ਇਨ੍ਹਾਂ ਦੇ ਜਬਾੜੇ ਦਾਤੀ ਵਾਂਗੂ ਹੁੰਦੇ ਹਨ, ਜੋ ਕਿ ਤਿੱਖੇ ਅਤੇ ਮਜ਼ਬੂਤ ਹੁੰਦੇ ਹਨ । ਇਹ ਕਾਲੋਨੀ ਦੇ ਅੰਦਰ ਅਤੇ ਬਾਹਰ, ਦੁਸ਼ਮਣਾਂ ਤੋਂ ਰੱਖਿਆ ਕਰਦੀ ਹੈ । ਇਹ ਆਪਣੀ ਖੁਦ ਦੀ ਰੱਖਿਆ ਕਰਨ ਲਈ, ''ਨਾਈਟਰੋਏਲ ਕੇਨ'' ਨਾਂ ਦੇ ਜ਼ਹਿਰੀਲੇ-ਪਦਾਰਥ ਨੂੰ ਪੈਦਾ ਕਰਦੀ ਹੈ । ਸੈਨਿਕ ਸਿਉਂਕ, ਆਪਣੇ ਕੁਲ ਵਜ਼ਨ ਜਿਤਨਾ, ਜ਼ਹਿਰੀਲੇ ਪਦਾਰਥ ਨੂੰ ਇਕੱਠਾ ਕਰ ਕੇ ਰੱਖਦੀ ਹੈ ।

**ਜੀਵਨ ਚੱਕਰ** : ਸਿਉਂਕ ਦੀ ਕਾਲੋਨੀ ਵਿੱਚ ਰਾਜਾ ਦੀ ਉਤਪਤੀ ਖਾਸ ਅੰਡੇ ਤੋਂ ਹੁੰਦੀ ਹੈ । ਇਕ ਰਾਣੀ ਹਰ ਰੋਜ਼ ਲਗਭਗ 10,000 ਜਿਤਨੇ ਅੰਡੇ ਦਿੰਦੀ ਹੈ । ਇਹਨਾਂ ਅੰਡਿਆਂ ਵਿੱਚੋਂ 15-16 ਦਿਨਾਂ ਪਿੱਛੋਂ ਬੱਚੇ ਬਾਹਰ ਨਿਕਲਦੇ ਹਨ । ਰਾਣੀ ਦਾ ਜੀਵਨ-ਕਾਲ ਸਭ ਤੋਂ ਲੰਬਾ ਹੁੰਦਾ ਹੈ, ਇਹ ਕਈ ਵਾਰ 10 ਵਰ੍ਹਿਆਂ ਤੱਕ ਜਿਉਂਦੀ ਰਹਿ ਸਕਦੀ ਹੈ । ਮਜ਼ਦੂਰ/ਕਾਮੇ ਸਿਉਂਕ ਦੀ ਉਤਪਤੀ ਵੀ ਅੰਡੇ ਤੋਂ ਹੁੰਦੀ ਹੈ ਅਤੇ ਇਸ ਦਾ ਜੀਵਨ-ਕਾਲ 3-5 ਸਾਲਾਂ ਤੱਕ ਹੁੰਦਾ ਹੈ, ਜਦੋਂ ਕਿ ਸੈਨਿਕ ਸਿਉਂਕ ਦੀ ਉਤਪਤੀ ਵੀ ਅੰਡਿਆਂ ਤੋਂ ਹੁੰਦੀ ਹੈ ਅਤੇ 5 ਸਾਲਾਂ ਤੱਕ ਜਿਉਂਦੀ ਰਹਿ ਸਕਦੀ ਹੈ । ਵਰਖਾ ਰੁੱਤ ਦੀ ਸ਼ੁਰੂਆਤ ਵਿੱਚ ਹੀ ਪਹਿਲੀ ਵਰਖਾ ਦੇ ਨਾਲ ਹੀ ਬਾਦਾਮੀ ਰੰਗ ਦੀ ਸਿਉਂਕ ਪੰਖਾਂ ਵਾਲੀ ਬਹੁਤ ਹੀ ਵਧੇਰੇ ਗਿਣਤੀ ਵਿੱਚ, ਆਪਣੀ ਕਾਲੋਨੀ ਵਿੱਚੋਂ ਸ਼ਾਮ ਦੇ ਸਮੇਂ ਬਾਹਰ ਨਿਕਲ ਕੇ ਉਡਦੀ ਹੈ । ਕੁਝ ਸਮਾਂ ਉਡਣ ਦੇ ਬਾਅਦ, ਇਸ ਦੇ ਪੰਖ ਟੁਟਕੇ ਸਰੀਰ ਤੋਂ ਵੱਖ ਹੋ ਜਾਂਦੇ ਹਨ । ਇਸ ਤਰ੍ਹਾਂ ਪੰਖ-ਰਹਿਤ ਨਰ-ਮਾਦਾ ਜੋੜੇ ਬਣਾ ਕੇ ਮਿਲਣ (ਸੰਭੋਗ) ਕਰਦੇ ਹਨ ਅਤੇ ਉਸ ਤੋਂ ਬਾਅਦ ਰਾਜਾ-ਰਾਣੀ ਦੇ ਨਾਂ ਨਾਲ ਜਾਣੇ ਜਾਂਦੇ ਹਨ । ਇਸ ਤੋਂ ਬਾਅਦ ਜ਼ਮੀਨ ਵਿੱਚ ਸੁਰੱਖਿਅਤ ਸਥਾਨ ਤੇ ਜਾ ਕੇ ਕਈਂ ਕਾਲੋਨੀਆਂ ਦੀ ਸ਼ੁਰੂਆਤ ਕਰਦੇ ਹਨ ਅਤੇ ਮਾਦਾ (ਰਾਣੀ) ਅੰਡੇ ਦੇਣਾ ਸ਼ੁਰੂ ਕਰਦੀ ਹੈ । ਇਨ੍ਹਾਂ ਅੰਡਿਆਂ ਵਿੱਚੋਂ 15 ਤੋਂ 16 ਦਿਨਾਂ ਬਾਅਦ, ਬੱਚੇ ਬਾਹਰ ਨਿਕਲ ਆਉਂਦੇ ਹਨ, ਜਿਹਨਾਂ ਦਾ ਪਾਲਣ-ਪੋਸ਼ਣ ਰਾਜਾ-ਰਾਣੀ ਮਿਲਕੇ ਕਰਦੇ ਹਨ । ਰਾਣੀ ਸਿਉਂਕ ਅੰਡੇ ਦੇ ਕੰਮ ਜਾਰੀ ਰੱਖਦੀ ਹੈ-ਫਿਰ ਇਨ੍ਹਾਂ ਵਿੱਚੋਂ ਨਿਕਲੇ ਬੱਚਿਆਂ ਦਾ ਖਿਆਲ ਅਤੇ ਪਾਲਣਾ ਪੋਸ਼ਣ ਦੀ ਜ਼ਿੰਮੇਵਾਰੀ, ਪਹਿਲਾਂ ਤੋਂ ਨਿਕਲੇ ਬੱਚੇ ਕਰਦੇ ਹਨ ।

ਸਿਉਂਕ ਸਰਵਭਖਸ਼ੀ ਅਤੇ ਵਧੇਰੇ ਹਾਨੀ ਕਰਨ ਵਾਲਾ ਕੀੜਾ ਹੈ ਅਤੇ ਖੇਤੀ ਅਤੇ ਬਾਗਬਾਨੀ ਫਸਲਾਂ ਦਾ ਪ੍ਰਮੁੱਖ ਦੁਸ਼ਮਣ ਕੀੜਾ ਹੈ । ਇਸ ਦੀ ਸਹੀ ਪਹਿਚਾਣ ਕਰਕੇ, ਇਸ ਦੇ ਹਮਲੇ ਦੀਆਂ ਨਿਸ਼ਾਨੀਆਂ ਨੂੰ ਦੇਖ ਸਮਝ ਕੇ, ਇਸ ਦੇ ਜੀਵਨ ਚੱਕਰ ਦੀ ਸੰਪੂਰਨ ਜਾਣਕਾਰੀ ਪ੍ਰਾਪਤ ਕਰਕੇ, ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਸਿਉਂਕ ਦੀ ਰੋਕਥਾਮ ਕਰਕੇ, ਚੰਗੇ ਗੁਣਾਂ ਵਾਲੀ ਖੇਤੀ ਪੈਦਾਵਾਰ ਲਈ ਜਾ ਸਕਦੀ ਹੈ ।

## ਸਿਉਂਕ ਵੱਲੋਂ ਨੁਕਸਾਨ

ਸਿਉਂਕ ਜ਼ਮੀਨ ਵਿੱਚ ਰਹਿਕੇ, ਪੌਦਿਆਂ ਦੀ ਆਂ ਜੜ੍ਹਾਂ ਨੂੰ ਕੱਟ ਕੇ ਖਾਂਦੀ ਹੈ ਅਤੇ ਉਸ ਤੋਂ ਬਾਅਦ, ਉਹ ਜੜ੍ਹਾਂ ਦੇ ਰਸਤਿਉਂ ਮਿੱਟੀ ਵਿੱਚ ਸੁਰੰਗ ਬਣਾ ਕੇ, ਉਸ ਰਾਹੀਂ ਪੌਦਿਆਂ ਦੇ ਤਣਿਆਂ ਵਿੱਚ ਵੜ ਜਾਂਦੀਆਂ ਹਨ । ਇਸ ਤਰ੍ਹਾਂ ਉਹ ਤਣੇ ਅਤੇ ਪੌਦਿਆਂ ਦੀਆਂ ਜੜ੍ਹਾਂ ਦਰਮਿਆਨ ਸੰਪਰਕ ਖਤਮ ਕਰ ਦਿੰਦੀਆਂ ਹਨ, ਜਿਸ ਕਾਰਨ ਪੌਦੇ ਪੀਲੇ ਪੈ ਜਾਂਦੇ ਹਨ ਅਤੇ ਦੁਪਹਿਰ ਦੇ ਸਮੇਂ, ਖੇਤਾਂ ਵਿੱਚ ਨਮੀਂ ਹੋਣ ਦੇ ਬਾਵਜੂਦ ਵੀ ਮੁਰਝਾਏ ਹੋਏ ਨਜ਼ਰ ਆਉਂਦੇ ਹਨ । ਸਿਉਂਕ ਨਾਲ ਪ੍ਰਭਾਵਿਤ ਪੌਦੇ, ਖਿੱਚਣ ਤੇ ਆਸਾਨੀ ਨਾਲ ਉੱਖੜ ਜਾਂਦੇ ਹਨ । ਕਣਕ ਦੀ ਫਸਲ ਦੀ ਸ਼ੁਰੂਆਤੀ ਅਵੱਸਥਾ ਸਮੇਂ, ਸਿਉਂਕ ਦੇ ਹਮਲੇ ਕਾਰਨ, ਪੌਦਿਆਂ ਵਿੱਚੋਂ ਬਾਲੀਆਂ ਨਹੀਂ ਨਿਕਲਦੀਆਂ । ਇਸੇ ਤਰ੍ਹਾਂ ਜਦੋਂ ਬਾਲੀਆਂ ਨਿਕਲਦੀਆਂ ਹਨ ਤਾਂ ਉਸ ਸਮੇਂ ਉਨ੍ਹਾਂ



ਵਿੱਚ ਦਾਣੇ ਨਹੀਂ ਬਣਦੇ ਅਤੇ ਜੇ ਦਾਣੇ ਬਣਦੇ ਵੀ ਹਨ ਉਹ ਘੱਟ ਵਜ਼ਨ ਵਾਲੇ ਹੁੰਦੇ ਹਨ ਅਤੇ ਝੁਰੀਦਾਰ ਹੁੰਦੇ ਹਨ । ਸਿਉਂਕ ਦਾ ਹਮਲਾ, ਖੇਤਾਂ ਵਿੱਚ ਟੁਕੜਿਆਂ ਵਿੱਚ ਵਿਖਾਈ ਦੇਂਦਾ ਹੈ । ਜਦੋਂ ਕਣਕ ਦੀ ਫਸਲ ਦੀ ਸਿੰਚਾਈ ਸਮੇਂ ਅਨੁਸਾਰ ਨਹੀਂ ਹੁੰਦੀ ਅਤੇ ਪਾਣੀ ਦੀ ਘਾਟ ਹੋ ਜਾਂਦੀ ਹੈ ਤਾਂ ਉਸ ਸਮੇਂ ਸਿਉਂਕ ਦਾ ਹਮਲਾ ਕਾਫੀ ਵੱਡਾ ਦੇਖਿਆ ਜਾਂਦਾ ਹੈ । ਮੂੰਗਫਲੀ ਦੀ ਫਸਲ ਵਿੱਚ ਜਦੋਂ ਸਿਉਂਕ ਦਾ ਹਮਲਾ ਹੁੰਦਾ ਹੈ ਤਾਂ ਉਸ ਦੀਆਂ ਜੜ੍ਹਾਂ ਨੂੰ ਖਾਣ ਲੱਗ ਪੈਂਦੀ ਹੈ ਅਤੇ ਤਣਿਆਂ ਵਿੱਚ ਸੁਰੰਗ ਬਣਾਂਦੀ ਹੈ । ਜਦੋਂ ਮੂੰਗਫਲੀ ਦੀਆਂ ਫਲੀਆਂ ਬਣਕੇ ਜ਼ਮੀਨ ਦੇ ਅੰਦਰ ਜਾਂਦੀਆਂ ਹਨ ਤਾਂ ਸਿਉਂਕ ਉਹਨਾਂ ਵਿੱਚ ਮੋਰੀਆਂ ਕਰਕੇ, ਅੰਦਰ ਦੇ ਕੋਮਲ ਹਿੱਸੇ ਨੂੰ ਖਾ ਜਾਂਦੀਆਂ ਹਨ ਅਤੇ ਉਹਨਾਂ (ਫਲੀਆਂ) ਵਿੱਚ ਮਿੱਟੀ ਭਰ ਜਾਂਦੀ ਹੈ । ਇਸ ਤਰ੍ਹਾਂ ਦੀਆਂ ਫਲੀਆਂ ਵਿੱਚ ਕਈਂ ਤਰ੍ਹਾਂ ਦੀਆਂ ਫਫੂੰਦੀਆਂ ਵੜ੍ਹ ਕੇ ਅਨੇਕਾਂ ਤਰ੍ਹਾਂ ਦੇ ਜ਼ਹਿਰਾਂ (ਐਫਲਾ ਟੋਕਸੀਨ) ਦਾ ਨਿਰਮਾਣ ਹੁੰਦਾ ਹੈ । ਗੰਨੇ ਦੀ ਫਸਲ ਸਮੇਂ, ਸਿਉਂਕ ਜੜ੍ਹਾਂ ਨੂੰ ਕੱਟ ਦਿੰਦੀਆਂ ਹਨ । ਇਸ ਤੋਂ ਉਪਰੰਤ, ਇਹ ਮਿੱਟੀ ਵਿੱਚ ਸੁਰੰਗ ਬਣਾਕੇ, ਉਸ ਦੇ ਸਿਰੇ ਤੇ ਪੁੱਜ ਜਾਂਦੀ ਹੈ । ਗੰਨੇ ਦੀ ਨਵੀਂ ਫਸਲ ਦੀ ਬਿਜਾਈ ਸਮੇਂ, ਸਿਉਂਕ ਗੰਨੇ ਦੇ ਟੁਕੜਿਆਂ ਨੂੰ ਜ਼ਮੀਨ ਵਿੱਚੋਂ ਖਾ ਕੇ ਨੁਕਸਾਨ ਕਰਦੀ ਹੈ । ਇਸ ਤਰ੍ਹਾਂ, ਸਿਉਂਕ ਗੰਨੇ ਦਾ ਭਾਰੀ ਨੁਕਸਾਨ ਕਰਦੀ ਹੈ । ਅਰਹਰ ਅਤੇ ਗਵਾਰ ਦੀ ਖੜ੍ਹੀ ਫਸਲ ਵਿੱਚ ਸਿਉਂਕ, ਜੜ੍ਹਾਂ ਨੂੰ ਕੱਟਦੀ ਹੈ, ਜਿਸ ਕਾਰਨ ਫਸਲ ਸੁੱਕ ਜਾਂਦੀ ਹੈ । ਇਸ ਤੋਂ ਇਲਾਵਾ ਸਿਉਂਕ, ਵੇਂਗਣ, ਭਿੰਡੀ, ਕਪਾਹ, ਮੱਕੀ ਅਤੇ ਅਰੰਡੀ ਜਿਹੀਆਂ ਮਹੱਤਵਪੂਰਣ ਫਸਲਾਂ ਦੀਆਂ ਜੜ੍ਹਾਂ ਨੂੰ ਕੱਟ ਕੇ, ਬਾਅਦ ਵਿੱਚ ਤਣਿਆਂ ਤੇ ਚੜ੍ਹ ਕੇ, ਉਨ੍ਹਾਂ ਦਾ ਭਾਰੀ ਨੁਕਸਾਨ ਕਰਦੀਆਂ ਹਨ । ਬਾਗਬਾਨੀ ਫਸਲਾਂ ਜਿਵੇਂ ਅੰਬ, ਜਾਮਣ, ਨੀਲਗਿਰੀ ਅਤੇ ਦੂਜੇ ਪੌਦਿਆਂ ਦੇ ਤਣਿਆਂ ਵਿੱਚ, ਸਿਉਂਕ ਗਿਟੀ ਦੀ ਸੁਰੰਗ (ਗੈਲਰੀ) ਬਣਾਉਂਦੀ ਅਤੇ ਉੱਪਰ ਚੜ੍ਹ ਕੇ, ਉਹਨਾਂ ਦਾ ਨੁਕਸਾਨ ਕਰਦੀ ਹੈ । ਕਿਸਾਨਾਂ ਦੇ ਲਈ ਇਨ੍ਹਾਂ ਕਾਰਨਾਂ ਕਰਕੇ, ਸਿਉਂਕ ਇਕ ਵੱਡਾ ਦੁਸ਼ਮਣ ਕੀੜਾ ਹੈ ।

## ਸਿਉਂਕ ਦੀ ਰੋਕਥਾਮ

(1) ਸਿਉਂਕ ਦੇ ਹਮਲੇ ਨੂੰ ਘੱਟ ਕਰਨ ਲਈ, ਪਿਛਲੀ ਫਸਲ ਦੀ ਰਹਿੰਦ-ਖੂੰਹਦ ਨੂੰ ਇਕੱਠਾ ਕਰਕੇ, ਉਸ ਨੂੰ ਸਾੜ ਦਿਓ ।

(2) ਗਰਮੀਆਂ ਵਿੱਚ, ਸਿਉਂਕ ਪ੍ਰਭਾਵਿਤ ਖੇਤਾਂ ਦੀ ਗਹਿਰੀ ਵਾਹੀ ਕਰਕੇ ਅਤੇ ਵਾਹੀ ਸਮੇਂ ਸਿਉਂਕ ਦੇ ਘਰਾਂ (ਕਾਲੋਨੀਆਂ) ਨੂੰ ਤੋੜ ਕੇ, ਨਾਸ ਕਰ ਦਿਓ ।

(3) ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਕਿਸਾਨ ਵੀਰ, ਚੰਗੀ ਤਰ੍ਹਾਂ ਸੜੀ ਗਲੀ ਖਾਦ ਨੂੰ ਖੇਤਾਂ ਵਿੱਚ ਨਹੀਂ ਮਿਲਾਂਦੇ । ਇਹ ਬਗੈਰ ਸੜੀ ਗਲੀ ਗੋਬਰ ਦੀ ਖਾਦ ਨੂੰ ਜ਼ਮੀਨ ਵਿੱਚ ਮੌਜੂਦ, ਸਿਉਂਕ ਦੇ ਲਈ ਭੋਜਨ ਦਾ ਕੰਮ ਕਰਦੀ ਹੈ । ਇਸ ਲਈ ਗੋਬਰ ਦੀ ਗਲੀ-ਸੜੀ ਖਾਦ ਖੇਤਾਂ ਵਿੱਚ ਪਾਓ ।

(4) ਖੇਤਾਂ ਵਿੱਚ ਫਸਲਾਂ ਦੀ ਬਿਜਾਈ ਤੋਂ ਪਹਿਲਾਂ, ਜ਼ਮੀਨ ਵਿੱਚ ਨਿੰਬੋਲੀ ਜਾਂ ਅਰੰਡੀ ਜਾਂ ਕਰੰਜ ਦੀ ਖੱਲ, ਖੇਤਾਂ ਵਿੱਚ ਖਾਦ ਰੂਪ ਵਿੱਚ ਮਿਲਾਕੇ, ਸਿੰਜਾਈ ਕਰਨੀ ਚਾਹੀਦੀ ਹੈ । ਜੇ ਸੰਭਵ ਹੋਵੇ ਤਾਂ ਵਰਮੀ-ਕੰਪੋਸਟ ਮਿਲਾਓ ।

(5) ਐਸੇ ਖੇਤਰ, ਜਿੱਥੇ ਸਿਉਂਕ ਦਾ ਹਮਲਾ ਵਧੇਰੇ ਹੁੰਦਾ ਹੋਵੇ, ਉੱਥੇ ਫਸਲ ਦੀ ਸਿੰਚਾਈ ਦਾ ਪ੍ਰਬੰਧ ਸਹੀ ਕਰਨ ਦੀ ਲੋੜ ਹੈ ਅਤੇ ਸਮੇਂ-ਸਮੇਂ ਤੇ ਫਸਲਾਂ ਨੂੰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ, ਇਸ ਤਰ੍ਹਾਂ ਸਿਉਂਕ ਦੇ ਹਮਲੇ ਵਿਚ ਕਮੀਂ ਆਉਂਦੀ ਹੈ ।

(6) ਖੇਤਾਂ ਵਿੱਚ ਬਣੇ ਸਿਉਂਕ ਦੇ ਘਰਾਂ (ਟਰਮੀਟੇਰੀਅਲ) ਨੂੰ ਲੱਭ ਕੇ, ਉਹਨਾਂ ਵਿਚ ਐਲੂਮੀਅਮ ਫਾਸਫਾਈਡ ਦੀ ਇਕ ਗੋਲੀ ਪਾ ਕੇ, ਉਸ ਦੀਆਂ ਸਾਰੀਆਂ ਮੋਰੀਆਂ ਨੂੰ ਗਿੱਲੀ ਮਿੱਟੀ ਨਾਲ ਬੰਦ ਕਰ ਦਿਉ ਅਤੇ ਸਿਉਂਕ ਦੇ ਘਰਾਂ (ਟਰਮੀਟੇਰੀਅਲ) ਵਿੱਚ ਕਲੋਰੋਪਾਈਰੀਫਾਸ-20 ਈ ਸੀ ਦੀ 10 ਮਿਲੀਲੀਟਰ ਮਾਤਰਾ ਨੂੰ 10 ਲੀਟਰ ਪਾਣੀ ਵਿੱਚ ਘੋਲ ਕੇ, ਪਾ ਦੇਣੀ ਚਾਹੀਦੀ ਹੈ ।

(7) ਕਣਕ ਦੀ ਬਿਜਾਈ ਤੋਂ ਪਹਿਲਾਂ, ਉਨ੍ਹਾਂ ਦੇ ਬੀਜ ਦੀ ਸੋਧ ਕਰਨੀ ਚਾਹੀਦੀ ਹੈ । ਇਸ ਲਈ ਕਲੋਰੋਪਾਈਰੀਫਾਸ-20 ਈ ਸੀ ਦੀ 25 ਮਿਲੀਲੀਟਰ ਮਾਤਰਾ ਅਤੇ ਇਮੀਡਾਕਲੋਪ੍ਰਿਡ 17.8 ਐਸ ਐਲ ਦੀ 5 ਮਿਲੀਲੀਟਰ ਮਾਤਰਾ ਨੂੰ ਇੱਕ ਕਿਲੋ ਬੀਜਾਂ ਦੀ ਦਰ ਨਾਲ ਸੋਧੋ ਅਤੇ 3-4 ਘੰਟੇ ਛਾਂ ਦੇ ਵਿੱਚ ਸੁਕਾ ਕੇ, ਫਿਰ ਬਿਜਾਈ ਕਰੋ ।

(8) ਮੂੰਗਫਲੀ ਦੀ ਫਸਲ ਦੀ ਬਿਜਾਈ ਤੋਂ ਪਹਿਲਾਂ, ਕਿਊਨਲਫਾਸ 25 ਈ ਸੀ ਜਾਂ ਕਲੋਰੋਪਾਈਰੀਫਾਸ-20 ਈ ਸੀ ਦੀ 25 ਮਿਲੀਲੀਟਰ ਮਾਤਰਾ ਅਤੇ ਇਮੀਡਾਕਲੋਪ੍ਰਿਡ 17.8 ਐਸ ਐਲ ਦੀ 5 ਮਿਲੀਲੀਟਰ ਮਾਤਰਾ ਨੂੰ ਇੱਕ ਕਿਲੋ ਬੀਜਾਂ ਦੀ ਦਰ ਨਾਲ ਸੋਧੋ ਅਤੇ 3-4 ਘੰਟੇ ਛਾਂ ਦੇ ਵਿੱਚ ਸੁਕਾਕੇ, ਫਿਰ ਬਿਜਾਈ ਕਰੋ ।

(9) ਜੇਕਰ ਕਣਕ ਦੀ ਖੜੀ ਫਸਲ ਵਿੱਚ ਸਿਉਂਕ ਦਾ ਹਮਲਾ ਜਾਪੇ ਤਾਂ ਤੁਰੰਤ ਹੀ ਕਲੋਰੋਪਾਈਰੀਫਾਸ-20 ਈ ਸੀ ਦੀ 2.5 ਲੀਟਰ ਮਾਤਰਾ ਨੂੰ ਲੋੜ ਅਨੁਸਾਰ ਰੇਤ ਵਿੱਚ ਮਿਲਾ ਕੇ, ਖੜ੍ਹੀ ਫਸਲ ਵਿੱਚ ਧੂੜੋ ਅਤੇ ਇਸ ਤੋਂ ਹਲਕੀ ਸਿੰਜਾਈ ਕਰ ਦਿਓ ।

(10) ਸਿੰਜਾਈ ਦੇ ਪਾਣੀ ਦੇ ਨਾਲ ਕਲੋਰੋਪਾਈਰੀਫਾਸ-20 ਈ ਸੀ ਦੀ 2.5 ਲੀਟਰ ਦਵਾਈ ਨੂੰ ਖੇਤਾਂ ਵਿੱਚ ਦੇਣ ਨਾਲ ਵੀ ਸਿਉਂਕ ਦੀ ਕਮੀ ਕੀਤੀ ਜਾ ਸਕਦੀ ਹੈ ।

(11) ਫਲਦਾਰ ਪੌਦਿਆਂ ਨੂੰ ਲਗਾਉਣ ਤੋਂ ਬਾਅਦ, ਸਾਲ ਵਿੱਚ 2-3 ਵਾਰ ਕਲੋਰੋਪਾਈਰੀਫਾਸ-20 ਈ ਸੀ ਦੀ 2 ਤੋਂ 3 ਮਿਲੀਲੀਟਰ, ਪ੍ਰਤੀ ਲੀਟਰ ਪਾਣੀ ਵਿੱਚ ਮਿਲਾਕੇ ਦੇਣ ਨਾਲ ਵੀ ਸਿਉਂਕ ਦਾ ਹਮਲਾ ਨਹੀਂ ਹੁੰਦਾ ।

(12) ਫਲਾਂ ਦੇ ਪੌਦਿਆਂ ਅਤੇ ਫੁੱਲਾਂ ਦੇ ਪੌਦਿਆਂ ਨੂੰ ਵੀ ਵਰਖਾ ਤੋਂ ਬਾਅਦ, ਕਲੋਰੋਪਾਈਰੀਫਾਸ-20 ਈ ਸੀ ਦੀ 20 ਮਿਲੀਲੀਟਰ ਦਵਾਈ ਨੂੰ 10 ਲੀਟਰ ਪਾਣੀ ਵਿੱਚ ਮਿਲਾ ਕੇ, ਘੋਲ ਨੂੰ ਤਣਿਆਂ ਤੋਂ ਉੱਪਰ ਤੋਂ ਜ਼ਮੀਨ ਵੱਲ ਦਿਓ ।

(13) ਗੰਨੇ ਦੇ ਬੀਜਾਂ (ਗੁਲੀਆਂ) ਨੂੰ ਬੀਜਣ ਤੋਂ ਪਹਿਲਾਂ, ਉਨ੍ਹਾਂ ਨੂੰ ਮੈਲਾਥੀਆਨ 50 ਈ ਸੀ 20 ਮਿਲੀਲੀਟਰ ਮਾਤਰਾ ਨੂੰ 10 ਲੀਟਰ ਪਾਣੀ ਵਿੱਚ ਘੋਲ ਕੇ ਉਸ ਵਿੱਚ 10 ਮਿੰਟਾਂ ਲਈ ਬੀਜਾਂ/ਟੁਕੜਿਆਂ/ਗੁਲੀਆਂ ਨੂੰ ਡੋਬੋ ਕੇ ਬੀਜੋ ।

(14) ਨੀਲਗਿਰੀ ਦੇ ਪੌਦਿਆਂ ਦੇ ਚਾਰੇ ਪਾਸੇ, ਲੋਹੇ ਦੇ ਸਰੀਏ ਨਾਲ 8-10 ਇੰਚ, ਡੂੰਘੀਆਂ ਮੋਰੀਆਂ ਬਣਾ ਕੇ, ਉਹਨਾਂ ਵਿੱਚ ਕਲੋਰੋਪਾਈਰੀਫਾਸ-20 ਈ ਸੀ ਦੀ 20 ਮਿਲੀਲੀਟਰ ਮਾਤਰਾ ਨੂੰ 10 ਲੀਟਰ ਪਾਣੀ ਵਿੱਚ ਮਿਲਾਕੇ ਪਾਉਣ ਨਾਲ ਵੀ ਸਿਉਂਕ ਦਾ ਹਮਲਾ ਨਹੀਂ ਹੁੰਦਾ ।



# ਜਿੰਨਾ ਸੌਖਾ ਹੈ ਰੁੱਖ ਲਗਾਉਣਾ ਉੱਨਾ ਹੀ ਔਖਾ ਹੈ ਰੁੱਖ ਨੂੰ ਕਾਮਯਾਬੀ ਨਾਲ ਪ੍ਰਵਾਨ ਚੜ੍ਹਾਉਣਾ

ਰੁੱਖ ਲਗਾਉਣ ਦੀਆਂ ਕਈ ਮੁਹਿੰਮਾਂ ਰੁੱਖ ਲਗਾ ਕੇ ਫੋਟੋ ਖਿਚਵਾਉਣ ਤੱਕ ਸੀਮਿਤ ਹੋ ਜਾਂਦੀਆਂ ਹਨ। ਅੱਜ ਇਕ ਹੋਰ ਮੁਹਿੰਮ ਜ਼ੋਰ ਫੜ ਰਹੀ ਹੈ, ਉਹ ਹੈ ਰੁੱਖ ਲਗਾਉਣ ਉਪਰੰਤ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ। ਰੁੱਖ ਲਗਾਉਣਾ ਜਿੰਨਾ ਸੌਖਾ ਹੈ ਉੰਨਾ ਹੀ ਔਖਾ ਹੈ ਰੁੱਖ ਨੂੰ ਕਾਮਯਾਬੀ ਨਾਲ ਪ੍ਰਵਾਨ ਚੜ੍ਹਾਉਣਾ। ਲੋਕ ਅਪਣੇ ਜਨਮ ਦਿਨ ਜਾਂ ਖੁਸ਼ੀ ਦੇ ਹੋਰ ਮੌਕਿਆਂ 'ਤੇ ਰੁੱਖ ਲਗਾ ਰਹੇ ਹਨ, ਉਨ੍ਹਾਂ ਨੂੰ ਪਾਲਣ ਦਾ ਰੁਝਾਨ ਵੀ ਵੱਧ ਰਿਹਾ ਹੈ। ਜੰਗਲਾਤ ਵਿਭਾਗ ਵਲੋਂ ਹਰ ਸਾਲ ਲੱਖਾਂ ਬੂਟੇ ਤਿਆਰ ਕੀਤੇ ਜਾਂਦੇ ਹਨ। ਵਿਭਾਗ ਵਲੋਂ ਛੋਟੇ ਬੂਟਿਆਂ ਨੂੰ ਕਾਮਯਾਬੀ ਨਾਲ ਪ੍ਰਵਾਨ ਚੜ੍ਹਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਜੰਗਲਾਤ ਵਿਭਾਗ ਵਲੋਂ ਰੁੱਖਾਂ ਦੀ ਪਰਵਰਿਸ਼ ਲਈ ਆਮ ਲੋਕਾਂ ਤਕ ਸੁਨੇਹਾ ਪਹੁੰਚਾਉਣ ਦਾ ਖਾਸ ਦੌਰ ਚਲਾਇਆ ਜਾਂਦਾ ਹੈ। ਵਿਭਾਗ ਦੀ ਰੁੱਖਾਂ ਨੂੰ ਬਚਾਉਣ ਦੀ ਖਾਸ ਸਕੀਮ ਅਧੀਨ ਵਣ ਮਿੱਤਰਾਂ ਰਾਹੀਂ ਜਾਗਰੂਕਤਾ ਫੈਲਾਉਣ ਲਈ ਕਾਫੀ ਉਪਰਾਲੇ ਕੀਤੇ ਗਏ ਹਨ। ਕਈ ਵਾਰ ਤਕਨੀਕੀ ਢੰਗ ਨਾਲ ਬੂਟੇ ਨਾ ਲਗਾਏ ਜਾਣ ਕਾਰਨ ਵੀ ਇਹ ਰੁੱਖ ਬਣਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਸ ਲਈ ਕੁੱਝ ਅਹਿਮ ਨੁਕਤੇ ਧਿਆਨ ਵਿਚ ਰੱਖਣ ਦੀ ਲੋੜ ਹੈ।

ਸਦਾਬਹਾਰ ਬੂਟਿਆਂ ਨੂੰ ਮੌਸਮ ਅਨੁਸਾਰ ਸ਼ੁਰੂਆਤੀ ਦਿਨਾਂ ਵਿਚ ਸ਼ਾਮ ਵੇਲੇ ਰੋਜ਼ਾਨਾ ਪਾਣੀ ਦੇਣਾ ਜ਼ਰੂਰੀ ਹੈ। ਜ਼ਿਆਦਾ ਗਰਮੀ ਹੋਵੇ ਤਾਂ ਦੋ ਵਾਰ ਪਾਣੀ ਦੇਵੋ। ਪਹਿਲੇ ਦੋ ਸਾਲ ਬੂਟੇ ਦੀ ਸਿੰਜਾਈ ਵਲ ਖਾਸ ਧਿਆਨ ਦੇਵੋ। ਬਾਅਦ ਵਿਚ ਜਦੋਂ ਬੂਟੇ ਦੀਆਂ ਜੜ੍ਹਾਂ ਵੱਧ ਜਾਂਦੀਆਂ ਹਨ ਤਾਂ ਬੂਟਿਆਂ ਦੀ ਪਾਣੀ ਦੀ ਜ਼ਰੂਰਤ ਕਾਫੀ ਘੱਟ ਜਾਂਦੀ ਹੈ। ਪੱਤਝੜੀ ਬੂਟੇ ਲਗਾਉਣ ਉਪਰੰਤ ਜਦੋਂ ਪੱਤੇ ਨਿਕਲਣੇ ਸ਼ੁਰੂ ਹੋਣ ਤਾਂ ਪਾਣੀ ਦੇਣਾ ਸ਼ੁਰੂ ਕਰਨਾ ਚਾਹੀਦਾ ਹੈ। ਜ਼ਿਆਦਾਤਰ ਲੋਕ ਸਮਝਦੇ ਹਨ ਕਿ ਬੂਟਾ ਲਗਾਉਣ ਤੋਂ ਬਾਅਦ ਉਸ ਦੀਆਂ ਜੜ੍ਹਾਂ ਹਮੇਸ਼ਾਂ ਪਾਣੀ ਨਾਲ ਗੱਚ ਰਹਿਣੀਆਂ ਚਾਹੀਦੀਆਂ ਹਨ ਪਰ ਇਸ ਨਾਲ ਜੜ੍ਹਾਂ ਨੂੰ ਲੋੜੀਂਦੀ ਆਕਸੀਜਨ ਨਹੀਂ ਮਿਲਦੀ ਤੇ ਬੂਟਾ ਮਰ ਜਾਂਦਾ ਹੈ। ਇਸ ਲਈ ਪਾਣੀ ਦੇਣ ਤੋਂ ਪਹਿਲਾਂ ਬੂਟੇ ਦਾ ਦੌਰ ਸੁੱਕਣ ਦੇਣਾ ਚਾਹੀਦਾ ਹੈ ਅਤੇ ਅਗਲਾ ਪਾਣੀ ਦੇਣਾ ਚਾਹੀਦਾ ਹੈ। ਬੂਟੇ ਦੇ ਦੁਆਲੇ ਦੌਰ ਬਣਾਉਂਦੇ ਹੋਏ ਧਿਆਨ ਰੱਖੋ ਕਿ ਕੋਈ ਨਦੀਨ ਜਾਂ ਘਾਹ ਫੂਸ ਉਸ ਦੌਰ ਵਿਚ ਨਾ ਉੱਗੇ। ਇਸ ਨੂੰ ਸਾਫ ਕਰਦੇ ਰਹਿਣਾ ਚਾਹੀਦਾ ਹੈ। ਬੂਟੇ ਦੇ ਦੁਆਲੇ ਜੇ ਪਰਾਲੀ ਜਾਂ ਘਾਹ-ਫੂਸ ਦੀ ਮਲਚਿੰਗ ਕਰ ਦਿੱਤੀ ਜਾਵੇ ਤਾਂ ਇਸ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ ਅਤੇ ਨਦੀਨਾਂ ਦਾ ਹਮਲਾ ਵੀ ਘੱਟ ਹੁੰਦਾ ਹੈ। ਕਈ ਵਾਰੀ ਮਲਚਿੰਗ ਕਾਰਨ ਚੂਹੇ ਵੱਧ ਜਾਂਦੇ ਹਨ। ਇਸ ਲਈ ਬੂਟਾ ਲਗਾਉਣ ਤੋਂ ਇਕ ਮਹੀਨੇ ਬਾਅਦ ਹੀ ਮਲਚਿੰਗ ਕਰਨੀ ਲਾਹੇਵੰਦ ਸਿੱਧ ਹੁੰਦੀ ਹੈ। ਮਲਚਿੰਗ ਲਈ ਵਰਤੀ ਜਾਣ ਜਾਣ ਵਾਲੀ ਪਰਾਲੀ ਆਦਿ ਨੂੰ ਬੂਟੇ ਦੇ ਤਣੇ ਤੋਂ 1-2 ਇੰਚ ਦੂਰ ਰੱਖੋ।

ਬਹੁਤ ਜ਼ਿਆਦਾ ਗਰਮੀ ਅਤੇ ਕੜਾਕੇ ਦੀ ਠੰਢ ਛੋਟੇ ਬੂਟਿਆਂ ਲਈ ਘਾਤਕ ਸਿੱਧ ਹੁੰਦੀ ਹੈ। ਗਰਮੀ ਤੋਂ ਬਚਾਅ ਲਈ ਬੂਟੇ ਨੂੰ ਲਗਾਤਾਰ ਪਾਣੀ ਦਿੰਦੇ ਰਹੋ ਅਤੇ ਸਰਦੀ ਦੇ ਮੌਸਮ ਵਿਚ ਕੋਹਰੇ ਤੋਂ ਬਚਾਅ ਲਈ ਛੋਟੇ ਬੂਟਿਆਂ ਨੂੰ ਪਰਾਲੀ ਦਾ ਛੌਰਾ ਜ਼ਰੂਰ ਕਰੋ। ਪਰ ਸਰਦੀ ਵਿਚ ਬੂਟਿਆਂ ਦਾ ਹਲਕਾ ਪਾਣੀ ਲਗਾਉਣਾ ਵੀ ਫਾਇਦੇਮੰਦ ਹੁੰਦਾ ਹੈ। ਸ਼ੁਰੂਆਤੀ ਦੌਰ ਵਿਚ ਬੂਟਿਆਂ ਉਪਰ ਕੀੜਿਆਂ ਤੇ ਬੀਮਾਰੀਆਂ ਦਾ ਹਮਲਾ ਹੋ ਸਕਦਾ ਹੈ। ਇਸ ਲਈ ਲਗਾਤਾਰ ਬੂਟਿਆਂ ਦਾ ਨਿਰੀਖਣ ਕਰਦੇ ਰਹੋ। ਹਲਕੀਆਂ ਜ਼ਮੀਨਾਂ ਵਿਚ ਸਿਉਂਕ ਦੀ ਸਮੱਸਿਆ ਆ ਸਕਦੀ ਹੈ। ਇਸ ਤੋਂ ਬਚਾਅ ਲਈ ਬੂਟੇ ਦੇ ਦੌਰ ਵਿਚ 5 ਮਿਲੀਲਿਟਰ ਕਲੋਰੋਪਾਈਰੀਫਾਸ ਦਵਾਈ ਨੂੰ ਦੋ ਕਿਲੋ ਰੇਤਾ ਜਾਂ ਮਿੱਟੀ ਵਿਚ ਮਿਲਾ ਕੇ ਪਾਓ ਅਤੇ ਉਪਰੰਤ ਪਾਣੀ ਲਗਾ ਦੇਵੋ। ਨਵੇਂ ਲਗਾਏ ਬੂਟੇ ਦੀ ਸ਼ੁਰੂਆਤੀ ਸੰਭਾਲ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਇਸ ਵਲ ਕਿੰਨਾ ਧਿਆਨ ਦਿੰਦੇ ਹਾਂ। ਬੂਟਾ ਸਹੀ ਥਾਂ ਅਤੇ ਸਹੀ ਸਮੇਂ 'ਤੇ ਲਗਾਇਆ ਜਾਣਾ ਵੀ ਬੜਾ ਜ਼ਰੂਰੀ ਹੈ।

# ਆਲੂ ਅਤੇ ਗੋਭੀ ਵਰਗ ਦੀਆਂ ਸਬਜ਼ੀਆਂ ਦੇ ਪ੍ਰਮੁੱਖ ਰੋਗ ਅਤੇ ਉਹਨਾਂ ਦੀ ਰੋਕਥਾਮ

## ਆਲੂ ਦੇ ਪ੍ਰਮੁੱਖ ਰੋਗ

**1. ਅਗੇਤੀ ਝੁਲਸਾ** : ਇਹ ਇਕ ਉੱਲੀ ਜਨਿਤ ਰੋਗ ਹੈ। ਇਸ ਵਿੱਚ ਪੱਤੀਆਂ ਦੇ ਉੱਪਰ ਛੋਟੇ ਹਲਕੇ ਭੂਰੇ ਰੰਗ ਦੇ ਧੱਬੇ ਦਿਖਾਈ ਦਿੰਦੇ ਹਨ। ਉੱਲੀ ਸਭ ਤੋਂ ਪਹਿਲਾਂ ਨੀਚੇ ਦੀਆਂ ਪੁਰਾਣੀਆਂ ਪੱਤੀਆਂ



ਨੂੰ ਪ੍ਰਭਾਵਿਤ ਕਰਦੀ ਹੈ। ਬਾਅਦ ਵਿੱਚ ਇਹ ਰੋਗ ਉੱਪਰ ਦੀਆਂ ਪੱਤੀਆਂ ਨੂੰ ਪ੍ਰਭਾਵਿਤ ਕਰਦਾ ਹੈ। ਪੁਰਾਣੇ ਧੱਬੇ ਛਲੇਦਾਰ ਦਿਖਾਈ ਦਿੰਦੇ ਹਨ। ਰੋਗ ਦੀ ਭਿਆਨਕ ਅਵਸਥਾ ਵਿੱਚ ਇਹ ਧੱਬੇ ਆਪਸ ਵਿੱਚ ਮਿਲ ਕੇ ਪੂਰੀ ਪੱਤੀ ਨੂੰ ਝੁਲਸਾ ਦਿੰਦੇ ਹਨ। ਆਲੂ ਦੀ ਅਗੇਤੀ ਫਸਲ ਵਿਚ, ਇਸ ਰੋਗ ਦੀ ਸੰਭਾਵਨਾ ਸਭ ਤੋਂ ਜ਼ਿਆਦਾ ਰਹਿੰਦੀ ਹੈ।

**ਪ੍ਰਬੰਧ** : ਇਸ ਦੀ ਰੋਕਥਾਮ ਲਈ ਮੈਂਕੋਜ਼ੇਬ, 75 ਡਬਲਿਯੂ ਪੀ. 2-2.5 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਜਾਂ ਕਾਪਰ ਆਕਸੀਕਲੋਰਾਈਡ 50 ਡਬਲਿਯੂ ਪੀ ਦੀ 3 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਦਰ ਨਾਲ 800 ਤੋਂ 1000 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜ਼ਰੂਰਤ ਪੈਣ ਤੇ 15 ਦਿਨਾਂ ਦੇ ਅੰਤਰ ਤੇ ਦੂਜਾ ਅਤੇ ਤੀਜਾ ਛਿੜਕਾਅ ਕਰੋ।

**2. ਪਿਛੇਤਾ ਝੁਲਸਾ** : ਇਹ ਇਕ ਭਿਆਨਕ ਰੋਗ ਹੈ ਜੋ ਉੱਲੀ ਦੁਆਰਾ ਹੁੰਦਾ ਹੈ। ਇਸ ਰੋਗ ਨਾਲ ਪੀੜਿਤ ਪੱਤੀਆਂ ਕਿਨਾਰਿਆਂ ਅਤੇ ਸਿਰਿਆਂ ਤੋਂ ਝੁਲਸਣੀਆਂ ਸ਼ੁਰੂ ਹੁੰਦੀਆਂ ਹਨ। ਜਿਸਦੇ ਨਤੀਜੇ ਵਜੋਂ ਬਾਅਦ ਵਿੱਚ ਪੂਰਾ ਪੌਦਾ ਝੁਲਸ ਜਾਂਦਾ ਹੈ ਅਤੇ ਪੱਤੀਆਂ ਉੱਤੇ ਭੂਰੇ ਰੰਗ ਦੇ ਪਾਣੀ ਵਾਲੇ ਧੱਬੇ ਬਣਦੇ ਹਨ ਜੋ ਅੰਤ ਵਿੱਚ ਪੱਤੀ ਨੂੰ ਝੁਲਸਾ ਦਿੰਦੇ ਹਨ। ਰੋਗ ਦੀ ਭਿਆਨਕ ਅਵਸਥਾ ਹੋਣ ਤੇ ਤਣੇ ਉੱਪਰ ਵੀ ਭੂਰੇ ਅਤੇ ਕਾਲੇ ਧੱਬੇ ਦਿਖਾਈ ਦਿੰਦੇ ਹਨ ਜਿਸ ਨਾਲ ਕੰਦ ਵੀ ਪ੍ਰਭਾਵਿਤ ਹੁੰਦੇ ਹਨ। ਬੱਦਲ ਦੇ ਮੌਸਮ ਅਤੇ ਵਾਤਾਵਰਣ ਵਿੱਚ ਵਧੇਰੇ ਨਮੀਂ ਹੋਣ 'ਤੇ ਇਹ ਰੋਗ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਦੋ-ਤਿੰਨ ਦਿਨ ਵਿੱਚ ਪੂਰੀਆਂ ਪੱਤੀਆਂ ਝੁਲਸ ਜਾਂਦੀਆਂ ਹਨ, ਬਾਅਦ ਵਿੱਚ ਪੱਤੀ, ਤਣਾ ਅਤੇ ਆਲੂ ਸੜਨ ਲੱਗਦੇ ਹਨ।

**ਪ੍ਰਬੰਧ** : 1. ਇੰਡੋਫਿਲ ਐਮ-45 ਦੀ 2-2.5 ਕਿਲੋਗ੍ਰਾਮ ਮਾਤਰਾ ਨੂੰ 800 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਹੈਕਟੇਅਰ ਦੀ ਦਰ ਨਾਲ, ਪਹਿਲਾ ਛਿੜਕਾਅ ਦਸੰਬਰ ਦੇ ਪਹਿਲੇ ਹਫਤੇ ਕਰੋ। ਦਸੰਬਰ ਦੇ ਆਖਰੀ ਹਫਤੇ, ਜਨਵਰੀ ਮਹੀਨੇ ਤੱਕ ਹਲਕੀ ਵਰਖਾ ਜਾਂ ਬੱਦਲ ਹੋਣ ਤੇ ਉੱਲੀਨਾਸ਼ਕ ਦਾ ਹਰੇਕ ਦਸ ਤੋਂ ਪੰਦਰਾਂ ਦਿਨਾਂ ਦੇ ਅੰਤਰ ਤੇ ਜ਼ਰੂਰਤ ਅਨੁਸਾਰ 3 ਛਿੜਕਾਅ ਕਰਨੇ ਚਾਹੀਦੇ ਹਨ। ਛਿੜਕਾਅ ਇਸ ਪ੍ਰਕਾਰ ਕਰਨਾ ਚਾਹੀਦਾ ਹੈ ਕਿ ਉੱਲੀਨਾਸ਼ਕ ਪੱਤੀਆਂ ਦੀਆਂ ਦੋਨਾਂ ਸਤਹਿ ਤੇ ਇਕਸਾਰ ਬਰਾਬਰ ਫੈਲ ਜਾਵੇ।

2. ਰੋਗ ਪੀੜਿਤ ਕੰਦਾਂ ਦੀ ਬਿਜਾਈ ਨਾ ਕਰੋ। ਸੜੇ, ਗਲੇ, ਕੱਟੇ ਆਲੂ ਛਾਂਟ ਕੇ ਅਲੱਗ ਕਰ ਲਉ।

3. ਰੋਗ ਦੀ ਭਿਆਨਕ ਅਵਸਥਾ ਵਿਚ ਰਿਡੋਮਿਲ ਐਮ-ਜ਼ੈਡ 2.5 ਕਿਲੋਗ੍ਰਾਮ ਨੂੰ 800 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਹੈਕਟੇਅਰ ਦੀ ਦਰ ਨਾਲ ਛਿੜਕਾਅ ਕਰੋ।

**3. ਕਾਲੀ ਖਰੀਂਡ** : ਇਸ ਰੋਗ ਨਾਲ ਪੀੜਿਤ ਕੰਦਾਂ ਦੇ ਉੱਪਰ ਕਾਲੀ ਖੁਰਦਰੀ ਪਰਤ ਜੰਮ ਜਾਂਦੀ ਹੈ। ਸਭ ਤੋਂ ਪਹਿਲਾਂ ਕੰਦਾਂ ਦੇ ਉੱਪਰ ਲਾਲ ਭੂਰੇ ਰੰਗ ਵਾਲੀ ਅਕ੍ਰਿਤੀ ਬਣਦੀ ਹੈ ਜੋ ਸੁੱਕ ਕੇ ਖੁਰਦਰੀ ਪ੍ਰਤੀਤ ਹੁੰਦੀ ਹੈ।

**ਪ੍ਰਬੰਧ** : 1. ਬਿਜਾਈ ਤੋਂ ਪਹਿਲਾਂ ਆਲੂ ਨੂੰ ਬੋਰਿਕ ਅਮਲ ਵਿਚ 30 ਗ੍ਰਾਮ ਪ੍ਰਤੀ ਲੀਟਰ ਦੀ ਦਰ ਨਾਲ ਪਾਣੀ ਵਿੱਚ ਘੋਲ ਬਣਾ ਕੇ 30 ਮਿੰਟਾਂ ਤਕ ਡੋਬੋ ਅਤੇ ਇਸਤੋਂ ਬਾਅਦ ਛਾਂ ਵਿਚ ਸੁਕਾ ਕੇ ਖੇਤ ਵਿੱਚ ਬਿਜਾਈ ਕਰੋ। ਇਸ ਤਰ੍ਹਾਂ ਕਰਨ ਨਾਲ ਕਾਫੀ ਹੱਦ ਤੱਕ ਇਸ ਰੋਗ ਤੋਂ ਛੁਟਕਾਰਾ ਮਿਲ ਜਾਂਦਾ ਹੈ।

2. ਪ੍ਰਭਾਵਿਤ ਕੰਦਾਂ ਦੀ ਵਰਤੋਂ, ਬਿਜਾਈ ਲਈ ਨਾ ਵਰਤੋ।

3. ਜਿਸ ਖੇਤ ਵਿੱਚ ਇਹ ਰੋਗ ਲਗਦਾ ਹੋਵੇ ਉਸ ਵਿਚ ਘੱਟ ਤੋਂ ਘੱਟ ਤਿੰਨ ਤੋਂ ਚਾਰ ਸਾਲ ਦਾ ਫਸਲ ਚੱਕਰ ਅਪਨਾਉ।

**4. ਸ਼ਕਾਣੂ ਮਿੱਟੀ ਗਲਣ** : ਸ਼ਕਾਣੂ ਮਿੱਟੀ ਗਲਣ ਨਾਲ ਪ੍ਰਭਾਵਿਤ ਪੌਦਿਆਂ ਦੀ ਜੜ੍ਹ ਅਤੇ ਤਣਾਂ ਜ਼ਮੀਨ ਪੱਧਰ 'ਤੇ ਜਲੀਯ ਚਿਪਚਿਪੇ ਧੱਬੇ ਯੁਕਤ ਹੋ ਕੇ ਬਣ ਜਾਂਦੇ ਹਨ। ਕੰਦ ਵਿੱਚ ਸੜਨ ਦੇ ਕਾਰਨ ਝੱਗ ਅਤੇ ਬਦਬੂ ਆਉਂਦੀ ਹੈ। ਇਸ ਦਾ ਹਮਲਾ ਖੇਤ ਤੋਂ ਭੰਡਾਰਨ ਘਰ ਤੱਕ ਬਣਿਆ ਰਹਿੰਦਾ ਹੈ।

**ਪ੍ਰਬੰਧ** : ਇਸ ਰੋਗ ਤੋਂ ਬਚਣ ਦੇ ਲਈ ਸਟਰੈਪਟੋਸਾਈਕਲੀਨ 100 ਮਿਲੀਗ੍ਰਾਮ ਪ੍ਰਤੀਲਿਟਰ ਪਾਣੀ ਦਾ ਘੋਲ ਬਣਾ ਕੇ 30 ਮਿੰਟ ਤੱਕ ਕੰਦਾਂ ਨੂੰ ਡੁਬੋ ਕੇ ਸੋਧ ਕਰੋ ਅਤੇ ਖੜ੍ਹੀ ਫਸਲ ਤੇ ਟਰਾਈਡੇ ਮੇਫਾਨ 0.05 ਪ੍ਰਤੀਸ਼ਤ ਅਤੇ ਐਗਰੀਮਾਈਸਿਨ ਦੇ 100 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦਾ ਘੋਲ ਕੇ 10 ਦਿਨ ਦੇ ਅੰਤਰ ਤੇ ਵਾਰੀ ਵਾਰੀ ਨਾਲ ਛਿੜਕਾਅ ਕਰਨ ਨਾਲ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਵਿਸ਼ਾਣੂ ਰੋਗ** : ਇਸ ਰੋਗ ਨਾਲ ਪ੍ਰਭਾਵਿਤ ਪੌਦਿਆਂ ਦੀਆਂ ਪੱਤੀਆਂ ਮੁੜ ਜਾਂਦੀਆਂ ਹਨ, ਅਤੇ ਮੋਟੀਆਂ ਅਤੇ ਸਖਤ ਹੋ ਜਾਂਦੀਆਂ ਹਨ। ਪੌਦਿਆਂ ਦਾ ਵਾਧਾ ਰੁੱਕ ਜਾਂਦਾ ਹੈ। ਅਰਥਾਤ ਪੌਦੇ ਬੌਣੇ ਰਹਿ ਜਾਂਦੇ ਹਨ। ਮੁੱਖ ਤੌਰ ਤੇ ਇਹ ਬੀਮਾਰੀ ਮਾਰੂ ਕੀੜੇ ਤੋਂ ਫੈਲਦੀ ਹੈ।

**ਪ੍ਰਬੰਧ** 1 ਵਿਸ਼ਾਣੂ ਰਹਿਤ ਸਿਹਤਮੰਦ ਆਲੂ ਦੀ ਬਿਜਾਈ ਕਰੋ।

2. ਮਾਰੂ ਕੀੜੇ ਦੀ ਰੋਕਥਾਮ ਦੇ ਲਈ ਫੋਰੇਟ 10 ਜੀ 10 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਬਿਜਾਈ ਦੇ ਸਮੇਂ ਜਾਂ ਫਸਲ ਤੇ ਮਿੱਟੀ ਚੜਾਉਂਦੇ ਸਮੇਂ ਖੇਤ ਵਿੱਚ ਪਾਉ। ਇਸ ਦੇ ਇਲਾਵਾ ਇਕ ਛਿੜਕਾਅ ਮੈਟਾਸਿਸਟਾਕਸ 1.5 ਲੀਟਰ ਨੂੰ 1000 ਲੀਟਰ ਪਾਣੀ ਵਿੱਚ ਘੋਲ ਕੇ ਇਕ ਹੈਕਟੇਅਰ ਵਿੱਚ ਛਿੜਕਾਅ ਕਰੋ।

## ਗੋਭੀ ਵਰਗ ਸਬਜ਼ੀਆਂ ਦੇ ਪ੍ਰਮੁੱਖ ਰੋਗ

**1. ਕਾਲਾ ਗਲਨ ਰੋਗ** : ਰੋਗ ਪੀੜਿਤ ਪੌਦਿਆਂ ਦੀਆਂ ਪੱਤੀਆਂ ਉੱਤੇ ਅੰਗਰੇਜ਼ੀ ਦੇ ਵੀ ਆਕਾਰ ਦੇ ਨਮੀਂ ਯੁਕਤ ਹਲਕੇ ਧੱਬੇ ਬਣਦੇ ਹਨ ਜੋ ਬਾਅਦ ਵਿੱਚ ਭੂਰੇ ਅਤੇ ਕੁਝ ਸਮੇਂ ਬਾਅਦ ਕਾਲੇ ਹੋ ਕੇ ਮੁਰਝਾ ਜਾਂਦੇ ਹਨ। ਰੋਗ ਦੀ ਭਿਆਨਕ ਅਵਸਥਾ ਵਿੱਚ ਪਤੀ ਅਤੇ ਤਣਾ ਦੇ



ਸਵਹਨ ਉਤਕ ਨਸ਼ਟ ਹੋ ਜਾਂਦੇ ਹਨ। ਜਿਸ ਨਾਲ ਪੂਰੀ ਪੱਤੀ ਪੀਲੀ ਹੋ ਕੇ ਮੁਰਝਾ ਕੇ ਡਿੱਗ ਜਾਂਦੀ ਹੈ ਅਤੇ ਨਾਲ ਹੀ ਨਾਲ ਪੌਦਿਆਂ ਦੇ ਤਣੇ ਵੀ ਰੋਗ ਦੁਆਰਾ ਪ੍ਰਭਾਵਿਤ ਹੁੰਦੇ ਹਨ ਅਤੇ ਉਹਨਾਂ ਉੱਤੇ ਕਾਲੀਆਂ ਧਾਰੀਆਂ ਨਾੜੀਆਂ ਦੇ ਕੋਲ ਦਿਖਾਈ ਦਿੰਦੀਆਂ ਹਨ। ਵਰਖਾ ਹੋਣ ਤੇ ਉਹਨਾਂ ਵਿੱਚ ਸੜਨ ਅਤੇ ਬਦਬੂ ਆਉਣ ਲਗਦੀ ਹੈ।

**ਪ੍ਰਬੰਧ** : 1. ਬੀਜਣ ਤੋਂ ਪਹਿਲਾਂ ਬੀਜਾਂ ਨੂੰ ਅੱਧੇ ਘੰਟੇ ਤੱਕ ਸਟਰੈਪਟੋ-ਸਾਈਕਲੀਨ ਜਾਂ ਐਗਰੀਮਾਈਸਿਨ 100 ਮਿਲੀਗ੍ਰਾਮ 1 ਲੀਟਰ ਪਾਣੀ ਵਿੱਚ ਘੋਲ ਕੇ ਸੋਧ ਕਰੋ।

2. ਪੌਦਿਆਂ ਦੀ ਰਹਿੰਦ-ਖੂੰਹਦ ਨੂੰ ਇਕੱਠਾ ਕਰਕੇ ਜਲਾ ਦਿਉ ਜਾਂ ਮਿੱਟੀ ਵਿੱਚ ਦਬਾ ਦੇਣਾ ਚਾਹੀਦਾ ਹੈ।

3. ਦੋ ਤੋਂ ਤਿੰਨ ਸਾਲ ਦਾ ਫਸਲ-ਚੱਕਰ ਅਪਨਾਉਣਾ ਚਾਹੀਦਾ ਹੈ।

**2. ਪੱਤੀ ਦਾ ਧੱਬਾ ਰੋਗ** : ਪੱਤੀਆਂ ਉੱਤੇ ਗੋਲ ਆਕਾਰ ਦੇ ਗੂੜ੍ਹੇ ਭੂਰੇ ਰੰਗ ਦੇ ਛਿਦਰੇ ਧੱਬੇ ਬਣਦੇ ਹਨ ਜੋ ਬਾਅਦ ਵਿੱਚ ਇਕ ਦੂਜੇ ਨਾਲ ਮਿਲ ਕੇ ਵਿਕਸ਼ਤ ਰੂਪਧਾਰ ਲੈ ਲੈਂਦੇ ਹਨ। ਇਹ ਧੱਬੇ ਆਮ ਤੌਰ ਤੇ ਕਤਾਰਾਂ ਵਿੱਚ ਹੀ ਬਣਦੇ ਹਨ ਅਤੇ ਰੋਗ ਦੀ ਭਿਆਨਕ ਅਵਸਥਾ ਵਿੱਚ ਇਹ ਧੱਬੇ ਪੱਤੀਆਂ ਅਤੇ ਤਣਿਆਂ ਉੱਪਰ ਵੀ ਬਣ ਜਾਂਦੇ ਹਨ।

**ਪ੍ਰਬੰਧ** : 1. ਬੀਜ ਨੂੰ ਤਿੰਨ ਗ੍ਰਾਮ ਥੀਰਮ ਜਾਂ ਕੇਪਟਾਨ ਨਾਲ ਪ੍ਰਤੀ ਕਿਲੋਗ੍ਰਾਮ ਬੀਜ ਦੀ ਦਰ ਨਾਲ ਸੋਧ ਕਰਕੇ ਬੀਜੋ।

2. ਪੱਤੀ ਦੀ ਰਹਿੰਦ-ਖੂੰਹਦ ਨੂੰ ਜਲਾ ਦਿਉ ਜਾਂ ਮਿੱਟੀ ਵਿਚ ਦਬਾ ਦਿਉ।

3. ਖੜ੍ਹੀ ਫਸਲ ਵਿੱਚ ਕਾਪਰ ਆਕਸੀਕਲੋਰਾਈਡ 3 ਕਿਲੋਗ੍ਰਾਮ ਜਾਂ ਮੈਂਕੋਜ਼ੇਬ 2 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਦਰ ਨਾਲ 1000 ਲੀਟਰ ਪਾਣੀ ਵਿੱਚ ਘੋਲ ਕੇ ਘੱਟੋ ਘੱਟ ਦੋ ਛਿੜਕਾਅ ਕਰੋ। ਰੋਗ ਦੀ ਭਿਆਨਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਛਿੜਕਾਅ ਰੋਪਾਈ ਤੋਂ 20 ਦਿਨ ਬਾਅਦ ਜ਼ਰੂਰ ਕਰ ਦੇਣਾ ਚਾਹੀਦਾ ਹੈ।

# ਫੈਸਟੀਵਲ ਆਫਰ

## ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

## ਚੰਦਿਆਂ 'ਤੇ ਵਿਸ਼ੇਸ਼ ਛੂਟ

ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।

ਇੱਕ ਸਾਲ ਲਈ **300/-** ਰੁਪਏ

ਦੋ ਸਾਲ ਲਈ **500/-** ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

### ਮੈਂਬਰਸ਼ਿਪ ਫਾਰਮ

ਨਾਮ..........................................................................

ਪਿਤਾ ਦਾ ਨਾਮ..........................................................................

ਪੁਰਾਣਾ ਗ੍ਰਾਹਕ ਨੰਬਰ (ਜੇਕਰ ਹੈ)..........................................................................

ਸਥਾਈ ਪਤਾ..........................................................................

..........................................................................

..........................................................................

ਪਿੰਡ.................................... ਡਾਕ:....................................

ਤਹਿਸੀਲ.................................... ਜ਼ਿਲ੍ਹਾ....................................

ਰਾਜ.................................... ਪਿੰਨ ਕੋਡ....................................

ਵਾਇਆ.................................... ਫੋਨ ਨੰ.....................................

ਰੁਪਏ..........................................................................

KHETI DUNIYAN
An Exclusive Agril. Weekly
Excellence in Agri Info

## ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : kdpublications@yahoo.co.in




**ਡਾ. ਸਵਰਨ ਸਿੰਘ ਮਾਨ,**
ਸਾਬਕਾ ਉਪ ਡਾਇਰੈਕਟਰ, ਬਾਗਬਾਨੀ ਪਟਿਆਲਾ ਕਮ ਸਾਬਕਾ ਨੋਡਲ ਅਫਸਰ ਅਮਰੂਦ ਪੰਜਾਬ (ਮੋ.75080-18903)










# ਅਮਰੂਦ ਖਾਓ, ਸਿਹਤ ਬਣਾਓ ਅਤੇ ਬਿਮਾਰੀਆਂ ਭਜਾਓ

ਵਿਗਿਆਨੀਆਂ ਅਨੁਸਾਰ ਅਮਰੂਦ ਦਾ ਫਲ ਸੇਬ ਦੇ ਫਲ ਤੋਂ ਵੀ ਗੁਣਕਾਰੀ ਪਾਇਆ ਗਿਆ ਹੈ। ਪਰ ਆਮ ਲੋਕਾਂ ਨੂੰ ਇਸ ਦੀ ਮਹੱਤਤਾ ਬਾਰੇ ਪੂਰਾ ਗਿਆਨ ਨਹੀਂ ਹੈ ਅਤੇ ਇਸ ਨੂੰ ਦੇਸੀ ਜਿਹਾ ਫਰੂਟ ਸਮਝਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਅਮਰੂਦ ਦੇ ਫਲ ਦੀ ਮਹੱਤਤਾ ਬਾਰੇ ਜਾਣਕਾਰੀ ਵੱਖ-ਵੱਖ ਮਾਧਿਅਮਾਂ ਰਾਹੀਂ ਮੁਹੱਈਆ ਕੀਤੀ ਜਾ ਰਹੀ ਹੈ। ਪੀ. ਏ. ਯੂ. ਲੁਧਿਆਣਾ ਵੱਲੋਂ ਯੂਨਾਈਟਿਡ ਸਟੇਟਜ਼ ਦੇ ਖੇਤੀਬਾੜੀ ਵਿਭਾਗ ਦੇ ਡਾਟੇ ਇਕੱਠੇ ਕੀਤੇ ਅਤੇ ਦੇਖਿਆ ਗਿਆ ਕਿ ਹੇਠ ਲਿਖੇ ਅਨੁਸਾਰ (ਸਾਰਣੀ-1) ਅਮਰੂਦ ਫਲ ਦੇ ਤੱਤ ਸੇਬ ਦੇ ਫਲ ਤੋਂ ਵੀ ਬਹੁਤ ਜ਼ਿਆਦਾ ਹਨ।



ਇੰਡੀਅਨ ਇੰਸਟੀਚਿਊਟ ਆਫ ਸਬਟਰੋਪੀਕਲ ਹਾਰਟੀਕਲਚਰ, ਰਹਿਮਾਨ ਖੇੜਾ, ਲਖਨਊ (ਉੱਤਰ ਪ੍ਰਦੇਸ਼) ਅਨੁਸਾਰ ਅਮਰੂਦਾਂ ਦਾ ਫਲ ਗੁਣਾਂ ਦੀ ਗੁਥਲੀ ਹੈ ਅਤੇ ਇਸ ਦੇ ਖਾਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਠੀਕ ਹੁੰਦੀਆਂ ਹਨ :

1. ਇਸ ਦੇ ਫਲ ਵਿਚ ਫਾਈਬਰ ਬਹੁਤ ਹੁੰਦੀ ਹੈ, ਇਸ ਲਈ ਕਬਜ਼ ਦੀ ਰੋਕਥਾਮ ਕਰਦਾ ਹੈ।

2. ਜੇਕਰ ਕਿਸੇ ਵਿਅਕਤੀ ਨੂੰ ਠੰਡ ਲੱਗੀ ਹੋਵੇ ਜਾਂ ਖੰਘ ਹੋਵੇ ਤਾਂ ਕੱਚਾ ਅਮਰੂਦ ਖਾਣ ਨਾਲ ਠੀਕ ਹੋ ਜਾਂਦੀ ਹੈ, ਕਿਉਂਕਿ ਇਸ ਵਿਚ ਮੌਜੂਦ ਆਇਰਨ ਅਤੇ ਵਿਟਾਮਿਨ ਸੀ ਠੰਡ ਤੋਂ ਬਚਾਅ ਕਰਦੇ ਹਨ ਅਤੇ ਵਾਇਰਲ ਇੰਨਫੈਕਸ਼ਨ ਦੂਰ ਕਰਦਾ ਹੈ।

3. ਇਹ ਬਲੱਡ ਕੋਲੈਸਟਰੋਲ ਨੂੰ ਘੱਟ ਕਰਦਾ ਹੈ, ਇਸ ਲਈ ਹਾਈ ਬਲੱਡ ਪ੍ਰੈਸ਼ਰ ਦੀ ਰੋਕਥਾਮ ਕਰਦਾ ਹੈ।

4. ਅਮਰੂਦ ਖਾਣ ਨਾਲ ਆਪਣਾ ਭਾਰ ਘਟਾਇਆ ਜਾ ਸਕਦਾ ਹੈ।

5. ਲਗਾਤਾਰ ਅਮਰੂਦ ਖਾਣ ਨਾਲ ਚਿਹਰੇ ਉੱਤੇ ਚਮਕ ਆਉਂਦੀ ਹੈ।

6. ਅਮਰੂਦ ਦੇ ਫਲ ਵਿਚ ਲਾਈਕੋਪੀਨ ਹੁੰਦੀ ਹੈ, ਜਿਸ ਕਰਕੇ ਕੈਂਸਰ ਤੋਂ ਬਚਾਅ ਕੀਤਾ ਜਾ ਸਕਦਾ ਹੈ।

| ਮਾਤਰਾ ਪ੍ਰਤੀ 100 ਗ੍ਰਾਮ | | | |
|---|---|---|---|
| ਲ.ਨੰ. | ਤੱਤ | ਸੇਬ | ਅਮਰੂਦ |
| 1. | ਪੋਟਾਸ਼ੀਅਮ | 107 ਮਿਲੀਗ੍ਰਾਮ | 417 ਮਿਲੀਗ੍ਰਾਮ |
| 2. | ਫਾਸਫੋਰਸ | 11 ਮਿਲੀਗ੍ਰਾਮ | 40 ਮਿਲੀਗ੍ਰਾਮ |
| 3. | ਮੈਗਨੀਸ਼ੀਅਮ | 5 ਮਿਲੀਗ੍ਰਾਮ | 22 ਮਿਲੀਗ੍ਰਾਮ |
| 4. | ਵਿਟਾਮਿਨ ਸੀ | 4.6 ਮਿਲੀਗ੍ਰਾਮ | 228.3 ਮਿਲੀਗ੍ਰਾਮ |
| 5. | ਫਾਈਬਰ | 2.4 ਗ੍ਰਾਮ | 5.4 ਗ੍ਰਾਮ |
| 6. | ਵਿਟਾਮਿਨ ਈ | 0.18 ਮਿਲੀਗ੍ਰਾਮ | 0.73 ਮਿਲੀਗ੍ਰਾਮ |
| 7. | ਵਿਟਾਮਿਨ ਏ | 54 ਆਈ ਯੂ | 624 ਆਈ ਯੂ |
| 8. | ਵਿਟਾਮਿਨ ਬੀ3 | 0.09 ਮਿਲੀਗ੍ਰਾਮ | 1.084 ਮਿਲੀਗ੍ਰਾਮ |



7. ਅਮਰੂਦ ਵਿਚ ਐਂਟੀਏਜਿੰਗ ਗੁਣ ਹੁੰਦੇ ਹਨ ਜਿਸ ਨਾਲ ਬੁਢਾਪਾ ਨੇੜੇ ਨਹੀਂ ਆਉਂਦਾ।

8. ਇਸ ਦਾ ਫਲ ਸ਼ੂਗਰ ਦੇ ਮਰੀਜ਼ਾਂ ਲਈ ਬਹੁਤੇ ਲਾਹੇਵੰਦ ਹੈ ਕਿਉਂਕਿ ਇਹ ਬਲੱਡ ਗੁਲੂਕੋਜ਼ ਲੈਵਲ ਘੱਟ ਕਰਦਾ ਹੈ।

9. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਆਇਓਡੀਨ ਨਹੀਂ ਹੁੰਦੀ ਪਰ ਕਾਪਰ ਕਾਫੀ ਮਾਤਰਾ ਵਿਚ ਹੁੰਦਾ ਹੈ। ਕਾਪਰ ਥਾਇਰੋਇਡ ਮੈਟਾਬਾਲਿਜ਼ਮ ਵਿਚ ਬਹੁਤ ਜ਼ਰੂਰੀ ਰੋਲ ਨਿਭਾਉਂਦਾ ਹੈ।

10. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਫੋਲੇਟ ਹੁੰਦਾ ਹੈ ਜਿਸ ਕਰਕੇ ਫਰਟੇਲਿਟੀ ਵਧਾਉਂਦਾ ਹੈ।

11. ਅਮਰੂਦ ਫਲ ਵਿਚ ਵਿਟਾਮਿਨ ਬੀ-3 ਅਤੇ ਬੀ-6 ਹੋਣ ਕਰਕੇ ਦਿਮਾਗ ਦੇ ਕੰਮ ਕਰਨ ਵੀ ਸਮਰੱਥਾ ਵਧਾਉਂਦਾ ਹੈ।

12. ਅਮਰੂਦ ਦੇ ਪੱਤੇ ਦੰਦਾਂ ਦੇ ਦਰਦ, ਸੁੱਜੇ ਹੋਏ ਮਸੂੜੇ ਅਤੇ ਮੂੰਹ ਦੇ ਛਾਲਿਆਂ ਨੂੰ ਵੀ ਠੀਕ ਕਰਦੇ ਹਨ।

13. ਇਸ ਦੇ ਫਲ ਔਰਤਾਂ ਵਿਚ ਮੋਨਸੁਰੇਸ਼ਨ ਸਮੇਂ ਨੂੰ ਘੱਟ ਕਰਨ ਦੀ ਸਮਰੱਥਾ ਰੱਖਦਾ ਹੈ।

ਅਮਰੂਦ ਦਾ ਫਲ ਲਗਭਗ ਸਾਰਾ ਸਾਲ ਹੀ ਉਪਲਬਧ ਰਹਿੰਦਾ ਹੈ। ਇਸ ਲਈ ਇਸ ਦੀ ਵਰਤੋਂ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਮੈਂ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਹਰ ਵਿਅਕਤੀ ਨੂੰ ਆਪਣੀ ਘਰੇਲੂ ਬਗੀਚੀ, ਟਿਊਬਵੈੱਲ ਜਾਂ ਖੇਤ ਵਿਚ ਅਮਰੂਦਾਂ ਦੇ ਪੌਦੇ ਲਗਾ ਲੈਣੇ ਚਾਹੀਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਪੰਜਾਬ ਵਿਚ ਇਲਾਹਾਬਾਦੀ ਸਫੈਦਾ, ਲਖਨਊ-49 (ਐਲ-49), ਪੰਜਾਬ ਸਫੈਦਾ, ਪੰਜਾਬ ਕਿਰਨ, ਸਵੇਤਾ, ਪੰਜਾਬ ਪਿੰਕ, ਐਪਲ ਗੁਆਵਾ ਅਤੇ ਹਿਸਾਰ ਸਫੈਦਾ ਵਰਾਇਟੀਆਂ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਬੂਟੇ ਅਗਸਤ ਤੋਂ ਅਕਤੂਬਰ ਅਤੇ ਫਰਵਰੀ ਤੇ ਮਾਰਚ ਮਹੀਨੇ ਤੱਕ ਲਗਾਏ ਜਾ ਸਕਦੇ ਹਨ। ਵਧੀਆ ਕੁਆਲਟੀ ਦੇ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬ ਬਾਗਬਾਨੀ ਵਿਭਾਗ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਖ੍ਰੀਦਣੇ ਚਾਹੀਦੇ ਹਨ।

# ਕਿਸਾਨ ਭਰਾਵਾਂ ਲਈ ਇਨ੍ਹਾਂ ਦਿਨਾਂ ਦੇ ਜ਼ਰੂਰੀ ਰੁਝੇਵੇਂ

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 826, ਪੀ ਬੀ ਡਬਲਯੂ 869, ਪੀ ਬੀ ਡਬਲਯੂ 824, ਸੁਨਹਿਰੀ (ਪੀ ਬੀ ਡਬਲਯੂ 766), ਪੀ ਬੀ ਡਬਲਯੂ 1 ਚਪਾਤੀ, ਡੀ ਬੀ ਡਬਲਯੂ 187, ਐਚ ਡੀ 3226, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਡਬਲਯੂ ਐਚ 1105, ਐਚ ਡੀ 2967 ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਬਿਜਾਈ ਲਈ ਬੀਜ ਦਾ ਪ੍ਰਬੰਧ ਕਰ ਲਵੋ। ਕਣਕ ਦੇ 40 ਕਿਲੋ ਬੀਜ ਨੂੰ 13 ਮਿ.ਲਿ. ਰੈਕਸਿਲ ਈਜੀ/ਓਰੀਅਸ (400 ਮਿ.ਲਿ. ਪਾਣੀ ਵਿਚ ਘੋਲ ਕੇ) ਜਾਂ 40 ਗ੍ਰਾਮ ਟੈਬੂਸੀਡ/ਸੀਡੈਕਸ/ਐਕਸਜ਼ੋਲ ਜਾਂ 120 ਗ੍ਰਾਮ ਵੀਟਾ ਵੈਕਸ ਪਾਵਰ ਜਾਂ 80 ਗ੍ਰਾਮ ਵੀਟਾ ਵੈਕਸ ਨਾਲ ਸੋਧ ਕੇ ਬੀਜੋ। ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਬੀਜ ਨੂੰ 1 ਗ੍ਰਾਮ ਕਰੂਜਰ 70 ਡਬਲਯੂ ਐਸ ਜਾਂ 2 ਮਿਲੀਲਿਟਰ ਨਿਉਨਿਕਸ 20 ਐਫ ਐਸ ਜਾਂ 4 ਮਿਲੀਲਿਟਰ ਡਰਸਬਾਨ/ਰੂਬਾਨ /ਡਰਮੈਟ 20 ਈ ਸੀ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਸੁਕਾ ਲਵੋ। ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ। ਬਰਾਨੀ ਹਾਲਤਾਂ ਵਿੱਚੋਂ ਕਣਕ ਦੀ ਬਿਜਾਈ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਕਰ ਦਿਓ। ਇਨ੍ਹਾਂ ਖੇਤਰਾਂ ਦੇ ਕਿਸਾਨਾਂ ਨੂੰ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ-725, ਉੱਨਤ ਪੀ ਬੀ ਡਬਲਯੂ-550, ਪੀ ਬੀ ਡਬਲਯੂ-752 ਅਤੇ ਪੀ ਬੀ ਡਬਲਯੂ-660 ਦੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਤੇਲ ਬੀਜ** : ਇਹ ਸਮਾਂ ਗੋਭੀ ਸਰ੍ਹੋਂ ਦੀਆਂ ਕਿਸਮਾਂ ਪੀ ਜੀ ਐਸ ਐਚ 1707, ਜੀ ਐਸ ਸੀ 7 ਅਤੇ ਜੀ ਐਸ ਸੀ 6 ਦੀ ਬਿਜਾਈ ਲਈ ਢੁੱਕਵਾਂ ਹੈ। ਇਸ ਸਮੇਂ ਰਾਇਆ ਦੀਆਂ ਕਿਸਮਾਂ ਆਰ ਸੀ ਐਚ 1, ਪੀ ਐਚ ਆਰ 126, ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357, ਪੀ ਬੀ ਆਰ 97 ਅਤੇ ਪੀ ਬੀ ਆਰ 91 ਅਤੇ ਅਫਰੀਕਨ ਸਰ੍ਹੋਂ ਪੀ ਸੀ 6 ਦੀ ਬਿਜਾਈ ਵੀ ਸ਼ੁਰੂ ਕਰ ਲਵੋ। ਜੇਕਰ ਗੋਭੀ ਸਰ੍ਹੋਂ ਦੀ ਬਿਜਾਈ ਕਿਸੇ ਕਾਰਨ ਲੇਟ ਹੋ ਰਹੀ ਹੈ ਤਾਂ ਗੋਭੀ ਸਰੋਂ ਦੀ ਪਨੀਰੀ ਤਿਆਰ ਕਰਕੇ ਹੀ ਨਵੰਬਰ ਤੋਂ ਅੱਧ ਦਸੰਬਰ ਤੱਕ ਲਗਾ ਸਕਦੇ ਹਾਂ। ਗੋਭੀ ਸਰੋਂ ਦੀ ਪਨੀਰੀ ਤਿਆਰ ਕਰਨ ਲਈ 400 ਗ੍ਰਾਮ ਬੀਜ ਇਕ ਕਿੱਲੇ ਲਈ ਕਾਫੀ ਹੈ।

**ਸਬਜ਼ੀਆਂ** : ਇਹ ਸਮਾਂ ਫੁੱਲ ਗੋਭੀ ਦੀਆਂ ਪਛੇਤੇ ਮੌਸਮ ਦੀ ਕਿਸਮਾਂ ਦੀ ਪਨੀਰੀ ਦੀ ਲਵਾਈ ਲਈ ਢੁੱਕਵਾਂ ਹੈ। ਗਾਜਰ, ਮੂਲੀ, ਸ਼ਲਗਮ, ਪਾਲਕ, ਧਨੀਆਂ, ਮੇਥੀ, ਲਸਣ ਅਤੇ ਮਟਰਾਂ ਦੀ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਕਿ ਪੰਜਾਬ-89 ਅਤੇ ਮੀਠੀ ਫਲੀ ਦੀ ਬੀਜਾਈ ਲਈ ਸਮਾਂ ਢੁੱਕਵਾਂ ਹੈ। ਪਿਆਜ ਦੀ ਪਨੀਰੀ ਦੀ ਬੀਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਬੀਜੋ।

**ਬਾਗਬਾਨੀ** : ਬੇਰਾਂ ਦੇ ਬੂਟਿਆਂ ਨੂੰ ਚਿੱਟੋਂ ਦੇ ਰੋਗ ਤੋਂ ਬਚਾਉਣ ਲਈ 0.25%(250 ਗ੍ਰਾਮ/100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ। ਬੇਰਾਂ ਦੇ ਬਾਗਾਂ ਵਿਚ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਕੇਰਾ ਘਟਾਉਣ ਅਤੇ ਝਾੜ ਵਿਚ ਵਾਧੇ ਲਈ ਝੋਨੇ ਦੀ ਪਰਾਲੀ ਦੀ ਘੱਟੋ-ਘੱਟ 10 ਸੈਂਟੀਮੀਟਰ ਮੋਟੀ ਤਹਿ ਵਿਛਾਓ (5.0 ਟਨ ਪ੍ਰਤੀ ਏਕੜ) ਦੀ ਯੂਰੀਆ ਖਾਦ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਵਰਤੋਂ ਕਰੋ। ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀ ਆਦਿ ਦਾ ਸਹਾਰਾ ਦਿਓ ਅਤੇ ਜੜ੍ਹ-ਮੁੱਢ ਤੋਂ ਨਿਕਲਦਾ ਫੁਟਾਰਾ ਲਗਾਤਾਰ ਤੋੜਦੇ ਰਹੋ। ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੋਪਰ ਸਲਫੇਟ 500 ਲੀਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਅੰਬਾਂ ਦੀ ਮਾਲਫਾਰਮੇਸ਼ਨ ਵਾਲੇ ਗੁੱਛੇ 15 ਸੈਂਟੀਮੀਟਰ ਨਰੋਈ ਸ਼ਾਖ ਸਮੇਂ ਤੱਕ ਟਕੇ ਬੂਟਿਆਂ ਉੱਤੇ 100 ਗ੍ਰਾਮ ਐਨ.ਏ.ਏ. ਦਾ ਛਿੜਕਾਅ ਕਰੋ। ਇਸ ਦਵਾਈ ਨੂੰ ਪਹਿਲਾਂ 200 ਮਿ.ਲਿ. ਅਲਕੋਹਲ ਵਿਚ ਘੋਲ ਕੇ ਫਿਰ 500 ਲਿਟਰ ਪਾਣੀ ਵਿਚ ਘੋਲ ਬਣਾਓ।

**ਪਸ਼ੂ ਪਾਲਣ** : ਆਉਣ ਵਾਲੀ ਸਰਦੀ ਵਿਚ ਪਸ਼ੂਆਂ ਦੀ ਸਹੀ ਦੇਖਭਾਲ ਲਈ ਤਿਆਰੀ ਕਰ ਲੈਣੀ ਚਾਹੀਦੀ ਹੈ। ਪਸ਼ੂਆਂ ਨੂੰ ਠੰਡੀ ਹਵਾ ਤੋਂ ਬਚਾਉਣ ਲਈ ਪਸ਼ੂ ਢਾਰਿਆਂ ਵਿਚ ਪੱਲੀਆਂ ਦਾ ਪ੍ਰਬੰਧ ਕਰੋ। ਪਸ਼ੂ ਥੱਲੇ ਸੁੱਕ ਵਿਛਾਓ ਅਤੇ ਸ਼ੈਡ ਦੇ ਫਰਸ਼ ਨੂੰ ਸਾਫ ਸੁੱਥਰਾ ਸੁੱਕਾ ਰੱਖੋ। ਪਸ਼ੂਆਂ ਦੀ ਖੁਰਾਕ ਵਿਚ ਧਾਤਾਂ ਦਾ ਚੂਰਾ ਵਰਤੋ ਤਾਂ ਜੋ ਉਨ੍ਹਾਂ ਨੂੰ ਲੋੜੀਂਦੇ ਖਣਿਜ ਮਿਲ ਸਕਣ। ਸਮੇਂ ਸਮੇਂ ਤੇ ਪਸ਼ੂ ਢਾਰਿਆਂ ਵਿਚ ਕੀਟ ਨਾਸ਼ਕ ਦਵਾਈਆਂ ਦਾ ਛਿੜਕਾਅ ਵੀ ਕਰੋ ਤਾਂ ਜੋ ਪਸ਼ੂਆਂ ਦਾ ਬਿਮਾਰੀਆਂ ਤੋਂ ਬਚਾਓ ਹੋ ਸਕੇ। ਧਿਆਨ ਦਿਓ ਕਿ ਹਰ ਤਿੰਨ ਸਾਲਾਂ ਵਿਚ ਬੱਕਰੀਆਂ ਅਤੇ ਭੇਡਾਂ ਦਾ ਪੀ. ਪੀ. ਆਰ. ਬਿਮਾਰੀ ਲਈ ਟੀਕਾਕਰਣ ਜ਼ਰੂਰ ਕਰਵਾਓ।

# ਫਸਲੀ ਵਿਭਿੰਨਤਾ ਲਈ ਲਾਹੇਵੰਦ ਹੈ ਫੁੱਲਾਂ ਦੀ ਖੇਤੀ



**ਭਗਵਾਨ ਦਾਸ**

ਸਰਦ ਰੁੱਤ ਦੇ ਫੁੱਲਾਂ ਦੀਆਂ ਪਨੀਰੀਆਂ ਲਗਾਉਣ ਦਾ ਇਹ ਢੁੱਕਵਾਂ ਸਮਾਂ ਹੈ। ਇਹ ਪਨੀਰੀਆਂ ਕਿਆਰੀਆਂ ਤੇ ਗਮਲਿਆਂ 'ਚ ਅਕਤੂਬਰ-ਨਵੰਬਰ ਦੌਰਾਨ ਦੀ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਪਨੀਰੀਆਂ ਦੇ ਫੁੱਲ ਫਰਵਰੀ-ਮਾਰਚ 'ਚ ਪੂਰੀ ਤਰ੍ਹਾਂ ਖਿੜ ਜਾਂਦੇ ਹਨ, ਜਿਸ ਨਾਲ ਆਲਾ-ਦੁਆਲਾ ਸੁੰਦਰ, ਰੰਗੀਨ ਤੇ ਮਨਮੋਹਕ ਹੋ ਜਾਂਦਾ ਹੈ। ਫੁੱਲ ਲਗਾਉਣ ਵਾਲੇ ਵਿਅਕਤੀ ਫਰਵਰੀ-ਮਾਰਚ ਦੇ ਮਹੀਨੇ 'ਚ ਲੱਗਣ ਵਾਲੇ ਰਾਜ ਪੱਧਰੀ ਤੇ ਜ਼ਿਲ੍ਹਾ ਪੱਧਰੀ ਅਤੇ ਐਮ.ਸੀ. ਚੰਡੀਗੜ੍ਹ ਅਤੇ ਪੀ.ਏ.ਯੂ. ਲੁਧਿਆਣਾ ਵਲੋਂ ਲਗਾਏ ਜਾਣ ਵਾਲੇ ਸ਼ੋਆਂ 'ਚ ਹਿੱਸਾ ਲੈ ਕੇ ਇਨਾਮ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਖੁਸ਼ੀ ਮਹਿਸੂਸ ਹੋਵੇਗੀ। ਇਹ ਪਨੀਰੀਆਂ ਹੁਣ ਕਿਆਰੀਆਂ ਤੇ ਗਮਲਿਆਂ 'ਚ ਲਗਾਈਆਂ ਜਾ ਸਕਦੀਆਂ ਹਨ।

ਇਨ੍ਹਾਂ ਨੂੰ ਕੱਦ ਦੇ ਹਿਸਾਬ ਨਾਲ ਤਰਤੀਬ 'ਚ ਲਗਾਉਣਾ ਚਾਹੀਦਾ ਹੈ। ਪੰਜਾਬ ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ (ਰਿਟਾ.) ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਉੱਚੇ ਕੱਦ ਵਾਲੀਆਂ ਪਨੀਰੀਆਂ ਜਿਵੇਂ ਗੁਲਦਾਉਦੀ, ਕੋਰਨ ਫਲਾਵਰ, ਸਵੀਟ ਸੁਲਤਾਨ, ਡੇਹਲੀਆ, ਲਾਰਕਸਪਰ, ਅਫਰੀਕਨ, ਗੇਂਦਾ, ਐਂਟਰਾਈਨਮ, ਹੈਲੀਕਰਾਈਸਮ, ਹੋਲੀਹਾਕ, ਕਾਸਮਾਸ, ਸਵੀਟ ਪੀ, ਬਿਲਜ਼ ਆਫ ਆਇਰਲੈਂਡ ਨੂੰ ਸਹੀ ਤਰਤੀਬ 'ਚ ਲਗਾਇਆ ਜਾਏ। ਐਕਰੋਕਲਾਈਜ਼ਮ, ਐਸਟਰ, ਕਾਰਨੇਸ਼ਨ, ਸਵੀਟ ਵਿਲੀਅਮ, ਪਟੂਨੀਆ, ਕਲਾਰਕੀਆ, ਕੈਲੇਫੋਰਨੀਆ ਪੋਪੀ, ਨਮੇਸ਼ੀਆ, ਰਜ਼ਾਨੀਆਂ, ਸਾਵਲੀਆ, ਵਾਲ ਫਲਾਵਰ, ਜਿਪਸੋਫਿਲਾ, ਸਟੇਟਿਸ, ਕੋਡੀਡਫਟ, ਕਲੈਂਡੁਲਾ, ਫਲੌਕਸ, ਵਰਬੀਨਾ, ਡਾਈਮੌਰਫੋਥੀਕਾ, ਨਸ਼ਟਰਸ਼ੀਅਮ, ਸਿਨੇਰੇਰੀਆ ਦਰਮਿਆਨੇ ਕੱਦ ਵਾਲੀਆਂ ਪਨੀਰੀਆਂ ਹਨ। ਛੋਟੇ ਕੱਦ ਵਾਲੀਆਂ ਪਨੀਰੀਆਂ ਬਰੈਚੀਕਮ, ਡੇਜ਼ੀ, ਪੇਜ਼ੀ, ਆਈਸ ਪਲਾਂਟ, ਸਵੀਟ ਅਲਾਈਸਮ, ਫਰੈਂਚ ਮੈਰੀਗੋਲਡ ਆਦਿ ਹਨ। ਗਮਲਿਆਂ 'ਚ ਲਗਾਉਣ ਲਈ ਐਸਟਰ, ਪਟੂਨੀਆ, ਰਜ਼ਾਨੀਆ, ਸਿਨੇਰੇਰੀਆ, ਸਾਲਵੀਆ, ਨਮੇਸ਼ੀਆ, ਬਰੈਚੀਕਮ, ਪੇਜ਼ੀ, ਆਈਸ ਪਲਾਂਟ ਆਦਿ ਹਨ। ਛਾਂ ਵਾਲੀਆਂ ਥਾਵਾਂ 'ਤੇ ਸਾਲਵੀਆਂ ਤੇ ਸਿਲੇਰੇਰੀਆ ਅਤੇ ਪਰਦਾ ਕਰਨ ਲਈ ਸਜਾਵਟੀ ਮਟਰ, ਹੈਲੀਹਾਂਕ ਆਦਿ ਕਿਸਮਾਂ ਹਨ। ਸੁਕਾ ਕੇ ਰੱਖਣ ਲਈ ਨਾਈਜੇਲਾ, ਬਿਲਜ਼ ਆਫ ਆਇਰਲੈਂਫ, ਸਟੈਟਿਸ, ਹੈਲਕਰਾਈਜ਼ਮ, ਐਕਟੋਕਲਾਈਨਮ ਕਿਸਮਾਂ ਹਨ। ਖੁਸ਼ਬੂਦਾਰ ਫੁੱਲਾਂ ਲਈ ਸਵੀਟ ਸੁਲਤਾਨ, ਸਵੀਨ ਵਿਲੀਅਮ, ਸਜਾਵਟੀ ਮਟਰ, ਸਵੀਟ ਅਲਾਈਸਮ ਕਿਸਮਾਂ ਯੋਗ ਹਨ। ਗੁਲਾਬ ਦੀਆਂ ਕਲਮਾਂ ਬਨਾਉਣ ਅਤੇ ਅੱਖਾਂ ਚੜ੍ਹਾਉਣ ਲਈ ਵੀ ਨਵੰਬਰ ਦਾ ਮਹੀਨਾ ਹੀ ਅਨੁਕੂਲ ਹੈ। ਦੇਸੀ ਗੁਲਾਬ ਅਤੇ ਤੇਲ ਵਾਲੇ ਗੁਲਾਬ ਦੇ ਬੂਟੇ ਵੀ ਇਸੇ ਮਹੀਨੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਗਲੈਡੀਓਲਸ ਅਤੇ ਨਰਗਿਸ ਦੇ ਗੰਢੇ ਵੀ ਇਸੇ ਸਮੇਂ ਬੀਜੇ ਜਾਂਦੇ ਹਨ। ਡੇਹਲੀਆ ਦੀਆਂ ਜੜ੍ਹਾਂ ਵਾਲੀਆਂ ਕਲਮਾਂ ਗਮਲਿਆਂ ਜਾਂ ਕਿਆਰੀਆਂ ਵਿਚ ਇਸੇ ਮਹੀਨੇ ਲਗਾਈਆਂ ਜਾਂਦੀਆਂ ਹਨ। ਡਾ. ਮਾਨ ਕਹਿੰਦੇ ਹਨ ਕਿ ਅਗੇਤੇ ਬੀਜੇ ਗਲੈਡੀਓਲਸ ਦੇ ਖੇਤ 'ਚ ਜੇਕਰ ਦਾਤੀ ਆਕਾਰ ਦੇ ਪੱਤਿਆਂ ਵਾਲੇ ਬੂਟੇ ਦਿਖਾਈ ਦੇਣ ਤਾਂ ਪੁੱਟ ਕੇ ਨਸ਼ਟ ਕਰ ਦੇਣੇ ਚਾਹੀਦੇ ਹਨ। ਕਿਉਂਕਿ ਉਨ੍ਹਾਂ ਉੱਤੇ ਉਖੇੜਾ ਰੋਗ ਦਾ ਹਮਲਾ ਹੋਇਆ ਹੁੰਦਾ ਹੈ। ਜਿਸ ਨੇ ਗੇਂਦਾ ਅਗਸਤ 'ਚ ਲਗਾਇਆ ਹੈ ਉਹ ਅਖੀਰ ਅਕਤੂਬਰ-ਨਵੰਬਰ 'ਚ ਹੀ ਗੇਂਦੇ ਦੇ ਫੁੱਲਾਂ ਦਾ ਅਨੰਦ ਮਾਣ ਸਕਦੇ ਹਨ। ਬੂਟਿਆਂ ਦੇ ਹੇਠਾਂ ਤੋਂ ਸੁੱਕੇ ਪੱਤਿਆਂ ਨੂੰ ਤੋੜਦੇ ਰਹਿਣਾ ਚਾਹੀਦਾ ਹੈ ਅਤੇ ਗੁਲਦਾਉਦੀ ਦੇ ਗਮਲੇ ਹੁਣ ਤਿਆਰ ਕਰ ਲੈਣੇ ਚਾਹੀਦੇ ਹਨ। ਛੋਟੇ ਬਾਗਾਂ 'ਚ ਅੰਤਰ ਫਸਲਾਂ ਬੀਜਣ ਲਈ ਵੀ ਇਹ ਯੋਗ ਸਮਾਂ ਹੈ।

ਫਸਲੀ ਵਿਭਿੰਨਤਾ ਪੱਖੋਂ ਛੋਟੇ ਕਿਸਾਨਾਂ ਲਈ ਫੁੱਲਾਂ ਦੀ ਵਪਾਰਕ ਖੇਤੀ ਲਾਹੇਵੰਦ ਹੋ ਸਕਦੀ ਹੈ। ਫੁੱਲਾਂ ਦੇ ਉਤਪਾਦਕ ਕੰਪਨੀਆਂ ਲਈ ਬੀਜ ਪੈਦਾ ਕਰ ਕੇ ਵੀ ਚੋਖੀ ਕਮਾਈ ਕਰ ਸਕਦੇ ਹਨ। ਪ੍ਰਾਈਵੇਟ ਕੰਪਨੀਆਂ ਜਿਵੇਂ ਬਾਇਓਕਾਰਵ ਸੀਡਜ਼ ਧਬਲਾਨ (ਪਟਿਆਲਾ) ਅਤੇ ਹਾਰਵੈਸਟ ਗਰੀਨ ਸੀਡਜ਼ ਪਟਿਆਲਾ ਬਾਈਬੈਕ ਸਕੀਮ ਅਧੀਨ ਉਤਪਾਦਕਾਂ ਤੋਂ ਬੀਜ ਤਿਆਰ ਕਰਵਾ ਕੇ ਖਰੀਦਦੇ ਹਨ ਅਤੇ ਫਿਰ ਬੀਜ ਨੂੰ ਇਹ ਕੰਪਨੀਆਂ ਅਮਰੀਕਾ ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਆਦਿ ਭੇਜ ਕੇ ਧਨ ਕਮਾਉਂਦੀਆਂ ਹਨ। ਘਰੇਲੂ ਮੰਡੀਆਂ 'ਚ ਵੀ ਇਹ ਬੀਜ ਵੇਚਦੀਆਂ ਹਨ। ਪੂਸਾ ਵੱਲੋਂ ਗੁਲਦਾਉਦੀ ਅਤੇ ਗੁਲਾਬ ਦੀਆਂ ਸਫਲ ਤੇ ਲਾਹੇਵੰਦ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਜਿਨ੍ਹਾਂ ਨੂੰ ਅਪਣਾ ਕੇ ਛੋਟੇ ਤੇ ਅਗਾਂਹਵਧੂ ਕਿਸਾਨ ਫੁੱਲਾਂ ਦੀ ਖੇਤੀ ਕਰ ਕੇ ਆਪਣੀ ਆਮਦਨ ਵਧਾ ਸਕਦੇ ਹਨ। ਕਈ ਕਿਸਮਾਂ ਮਤਵਾਤਰ ਸਾਰਾ ਸਾਲ ਫੁੱਲ ਦਿੰਦੀਆਂ ਹਨ। ਪੰਜਾਬ 'ਚ ਜਦੋਂ ਮਈ-ਜੂਨ 'ਚ ਤਾਪਮਾਨ ਬੜਾ ਵਧ ਜਾਂਦਾ ਹੈ ਅਤੇ ਦਸੰਬਰ-ਜਨਵਰੀ 'ਚ ਬਹੁਤ ਜ਼ਿਆਦਾ ਠੰਢਾ ਹੋ ਜਾਂਦਾ ਹੈ ਤਾਂ ਫੁੱਲਾਂ ਦਾ ਲਗਣਾ ਘੱਟ ਜਾਂਦਾ ਹੈ। ਫੁੱਲਾਂ ਦੀ ਖੇਤੀ 'ਚ ਕਾਫੀ ਲਾਗਤ ਆਉਂਦੀ ਹੈ। ਭਾਵੇਂ ਬਾਗਬਾਨੀ ਮਿਸ਼ਨ ਅਧੀਨ ਉਤਪਾਦਕਾਂ ਨੂੰ ਸਬਸਿਡੀ ਮੁਹੱਈਆ ਕਰਦਾ ਹੈ। ਪਰ ਵਪਾਰਕ ਖੇਤੀ ਲਈ ਮਾਲੀ ਇਮਦਾਦ ਛੋਟੇ ਕਿਸਾਨਾਂ ਨੂੰ ਹੋਰ ਵਧਾਉਣ ਦੀ ਲੋੜ ਹੈ। ਵਪਾਰਕ ਖੇਤੀ ਲਈ ਜ਼ਿਰਬਰਾ, ਦੇਸੀ ਗੁਲਾਬ ਅਤੇ ਗਰਾਫਟਿਡ ਗੁਲਾਬ ਵੀ ਲਗਾਇਆ ਜਾ ਸਕਦਾ ਹੈ।

ਪੂਸਾ ਵੱਲੋਂ ਵਿਕਸਿਤ ਗੁਲਦੌਦੀ ਦੀ ਪੂਸਾ ਸੋਨਾ ਕਿਸਮ ਤਾਂ ਹੁਣ ਕੁਝ ਦਿਨਾਂ 'ਚ ਹੀ ਫੁੱਲ ਦੇਣੇ ਸ਼ੁਰੂ ਕਰ ਦੇਵੇਗੀ। ਇਸ ਕਿਸਮ ਦੇ ਫੁੱਲ ਹੋਰ ਦੂਜੀਆਂ ਕਿਸਮਾਂ ਨਾਲੋਂ 20 ਦਿਨ ਛੇਤੀ ਉਪਲੱਬਧ ਹੋ ਜਾਂਦੇ ਹਨ। ਇਹ ਕਿਸਮ ਗਮਲਿਆਂ 'ਚ ਲਗਾਉਣ ਲਈ ਬਹੁਤ ਅਨੁਕੂਲ ਹੈ। ਇਸ ਦੇ ਫੈਲਾਅ ਦੀ ਵਧੀਆ ਹੁੰਦਾ ਹੈ। ਫੁੱਲਾਂ ਦਾ ਰੰਗ ਜ਼ਰਦ ਅਤੇ ਇਸ ਦੇ ਪੌਦੇ ਮਧਰੇ ਰਹਿੰਦੇ ਹਨ। ਇਹ ਕਿਸਮ ਸਪਰੇਅ ਟਾਈਪ ਹੈ। 'ਪੂਸਾ ਅਰੁਣੋਦੀਆ' ਕਿਸਮ ਦੇ ਫੁੱਲਾਂ ਦਾ ਘੇਰਾ 7-8 ਸੈਂਟੀਮੀਟਰ ਅਤੇ ਆਕਾਰ ਦੁਹਰਾ ਹੈ। ਫੁੱਲਾਂ ਦਾ ਰੰਗ ਗੁਲਾਬੀ ਹੈ। 'ਪੂਸਾ ਕੇਸਰੀ' ਕਿਸਮ ਦੇ ਫੁੱਲ ਕੱਟ ਫਲਾਵਰ ਅਤੇ 'ਪੌਟ ਨੁਮਾਇਸ਼' ਦੋਵੇਂ ਮੰਤਵਾਂ ਲਈ ਵਰਤੇ ਜਾ ਸਕਦੇ ਹਨ। 'ਪੂਸਾ ਅਦਿਤਿਯਾ' ਕਿਸਮ ਦੇ ਫੁੱਲਾਂ ਦਾ ਰੰਗ ਜ਼ਰਦ ਹੈ। ਇਹ ਕੱਟ ਫਲਾਵਰ ਅਤੇ ਪੌਟ ਨੁਮਾਇਸ਼ ਕੀਤੇ ਜਾ ਸਕਦੇ ਹਨ। 'ਪੂਸਾ ਚਿਤਰਾਕਸ਼ਾ' ਸਪਰੇਅ ਟਾਈਪ ਕਿਸਮ ਹੈ। ਗਮਲਿਆਂ ਤੇ ਬਾਗਾਂ 'ਚ ਨੁਮਾਇਸ਼ ਲਈ ਅਨੁਕੂਲ ਹੈ। ਪੂਸਾ ਸੰਸਥਾਨ ਵਲੋਂ ਗੁਲਾਬ ਦੀਆਂ ਵੀ ਲਾਹੇਵੰਦ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਪੂਸਾ ਅਰੁਣ, ਪੂਸਾ ਸ਼ਤਾਬਦੀ, ਪੂਰਾ ਅਜੇਯ, ਪੂਸਾ ਕੋਮਲ ਤੇ ਪੂਸਾ ਮੋਹਿਤ ਕਿਸਮਾਂ ਸ਼ਾਮਿਲ ਹਨ। ਇਹ ਕਿਸਮਾਂ ਵਧੇਰੇ ਵੱਟਤ ਲਈ ਬੜੀਆਂ ਅਨੁਕੂਲ ਹਨ। ਪੂਸਾ ਅਰੁਣ ਦੇ ਫੁੱਲਾਂ ਦੀ ਧੀਮੀ-ਧੀਮੀ ਖੁਸ਼ਬੂ ਹੈ। ਇਸ ਨੂੰ ਪੰਜ ਤਾਰਾ ਹੋਟਲ ਬਹੁਤ ਵਰਤਦੇ ਹਨ ਅਤੇ ਚੰਗੇ ਭਾਅ ਖਰੀਦ ਲੈਂਦੇ ਹਨ। ਪੂਸਾ ਸ਼ਤਾਬਦੀ ਕਿਸਮ ਦੇ ਫੁੱਲ ਕੱਟ ਫਲਾਵਰ ਉਦਯੋਗ ਅਤੇ ਨੁਮਾਇਸ਼ਾਂ 'ਚ ਵਰਤਣ ਦੇ ਅਨੁਕੂਲ ਹਨ। ਪੂਸਾ ਅਜੇਯ ਕਿਸਮ ਦੇ ਫੁੱਲਾਂ ਦੀ ਸੁਗੰਧ ਹਲਕੀ ਜਿਹੀ ਆਉਂਦੀ ਹੈ। ਪੂਸਾ ਕੋਮਲ ਕਿਸਮ ਬਿਮਾਰੀਆਂ ਤੋਂ ਰਹਿਤ ਹੈ ਅਤੇ ਇਸ ਦਾ ਪੌਦਾ ਗਰਮੀਆਂ 'ਚ ਵੀ ਲਗਾਇਆ ਜਾ ਸਕਦਾ ਹੈ, ਜੋ ਵੱਡੇ-ਵੱਡੇ ਹੋਟਲਾਂ ਲਈ ਮਨਭਾਉਂਦਾ ਹੈ। ਪੂਸਾ ਮੋਹਿਤ ਅਜਿਹੀ ਕਿਸਮ ਹੈ, ਜੋ ਕੰਡਿਆਂ ਤੋਂ ਰਹਿਤ ਹੈ। ਇਹ ਤਰ੍ਹਾਂ ਪੂਸਾ ਸੰਸਥਾਨ ਵਲੋਂ ਵਿਕਸਿਤ ਕੀਤੀਆਂ ਗਈਆਂ ਗੁਲਦਾਉਦੀ ਅਤੇ ਗੁਲਾਬ ਦੀਆਂ ਕਿਸਮਾਂ ਫੁੱਲਾਂ ਦੀ ਖੇਤੀ ਦਾ ਵਿਸਥਾਰ ਕਰਨ ਲਈ ਬਹੁਤ ਅਨੁਕੂਲ ਹਨ। ਪੰਜਾਬ 'ਚ ਫੁੱਲਾਂ ਦੀ ਕਾਸ਼ਤ ਥੱਲੇ ਰਕਬਾ ਵਧਾਉਣ ਦੀ ਕਾਫੀ ਗੁੰਜਾਇਸ਼ ਹੈ। ਅਗਾਂਹਵਧੂ ਤੇ ਛੋਟੇ ਕਿਸਾਨ ਫੁੱਲਾਂ ਦੀ ਖੇਤੀ ਤੋਂ ਲਾਭ ਉਠਾ ਸਕਦੇ ਹਨ।





# ਪਰਾਲੀ ਸਾੜਨਾ ਮਨੁੱਖੀ ਜੀਵਨ ਲਈ ਹਾਨੀਕਾਰਕ

ਕਿਸਾਨਾਂ ਵੱਲੋਂ ਖੇਤਾਂ ਦੀ ਪਰਾਲੀ ਨੂੰ ਅੱਗ ਲਗਾਉਣਾ ਅਜੇ ਤੱਕ ਉਲਝੀ ਤੰਦ ਬਣਿਆ ਹੋਇਆ ਹੈ। ਕਿਸਾਨ ਅਤੇ ਸਰਕਾਰਾਂ ਇਸ ਮੁੱਦੇ ਤੇ ਆਹਮੋ-ਸਾਹਮਣੇ ਹਨ । ਕਿਸਾਨ ਆਰਥਕ ਮੰਦਹਾਲੀ ਅਤੇ ਪਰਾਲੀ ਖਤਮ ਕਰਨ ਲਈ ਸਰਕਾਰ ਵਲੋਂ ਮਸ਼ੀਨਰੀ ਉਪਲਬਧ ਨਾ ਕਰਾਉਣ ਦਾ ਵਾਸਤਾ ਪਾ ਕੇ ਪਰਾਲੀ ਸਾੜਨ ਨੂੰ ਆਪਣੀ ਮਜਬੂਰੀ ਦੱਸ ਰਹੇ ਹਨ ਜਦਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਵਾਤਾਵਰਣ ਪ੍ਰਤੀ ਸੁਚੇਤ ਹੋਣ ਦਾ ਪ੍ਰਗਟਾਵਾ ਕਰਦਿਆਂ ਸਰਕਾਰਾਂ ਨੂੰ ਪ੍ਰਤੀ ਸਖਤਾਈ ਕਰਨ ਦੀ ਹਦਾਇਤ ਕੀਤੀ ਹੋਈ ਹੈ। ਪਰ ਸਰਕਾਰਾਂ ਅਜੇ ਤਕ ਇਸ ਮੁੱਦੇ ਪ੍ਰਤੀ ਅਵੇਸਲੀਆਂ ਹਨ।

ਇਸ ਮੁੱਦੇ ਪ੍ਰਤੀ ਵੱਖ-ਵੱਖ ਵਿਚਾਰਾਂ ਦੀਆਂ ਵਿਚਾਰਾਂ/ਰਿਪੋਰਟਾਂ ਸਾਨੂੰ ਸਾਡੇ ਸੁਖੱਲੇ, ਉਜਲੇ ਅਤੇ ਸੁਰੱਖਿਅਤ ਭਵਿੱਖ ਪ੍ਰਤੀ ਸੋਚਣ ਲਈ ਮਜਬੂਰ ਕਰਦੀਆਂ ਹਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਲੋਂ ਝੋਨੇ ਦੇ



ਖੇਤਾਂ ਨੂੰ ਅੱਗ ਲਗਾਉਣ ਤੇ ਕੀਤੀ ਸਖਤੀ ਪ੍ਰਤੀ ਵਾਦ-ਵਿਵਾਦਾਂ ਵਿਚ ਕਿਸਾਨਾਂ ਦੀ ਮਜਬੂਰੀ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਕੋਈ ਮਜਬੂਰੀ ਆਮ ਲੋਕਾਂ ਲਈ ਮਾਰੂ ਸਾਬਤ ਹੋਵੇ ਤਾਂ ਕੀ ਉਹ ਮਜਬੂਰੀ ਜਾਇਜ਼ ਹੈ ?

ਇਕ ਰਿਪੋਰਟ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਹਿਰੀਲੀਆਂ ਅਤੇ ਘਾਤਕ ਗੈਸਾਂ ਪੈਦਾ ਹੁੰਦੀਆਂ ਹਨ। ਪੰਜਾਬ ਵਿਚ ਲਗਭਗ 65 ਲੱਖ ਏਕੜ ਜ਼ਮੀਨ ਵਿਚ ਝੋਨੇ ਦੀ ਖੇਤੀ ਹੁੰਦੀ ਹੈ। ਇਕ ਏਕੜ ਖੇਤ 'ਚੋਂ ਇਕ ਅੰਦਾਜ਼ੇ ਅਨੁਸਾਰ ਢਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਇਕੱਲੇ ਪੰਜਾਬ ਵਿਚ ਲਗਭਗ 17.87 ਕਰੋੜ ਟਨ ਪਰਾਲੀ ਸਾੜ ਦਿੱਤੀ ਜਾਂਦੀ ਹੈ ਜੋ ਸਾਡੇ ਵਾਤਾਵਰਣ ਨੂੰ ਜ਼ਹਿਰੀਲੀਆਂ ਗੈਸਾਂ ਨਾਲ ਭਰ ਦਿੰਦੀ ਹੈ। ਇਨ੍ਹਾਂ ਜ਼ਹਿਰੀਲੀਆਂ ਗੈਸਾਂ ਦਾ ਪ੍ਰਭਾਵ ਸਭ ਤੋਂ ਵੱਧ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਪੈਂਦਾ ਹੈ। ਵਾਤਾਵਰਣ 'ਚ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਜ਼ਹਿਰੀਲਾ ਧੂੰਆਂ ਜ਼ਹਿਰੀਲੀਆਂ ਅਤੇ ਹਾਨੀਕਾਰਕ ਗੈਸਾਂ ਦੇ ਪ੍ਰਭਾਵ ਨਾਲ ਹੋਣ ਵਾਲੀਆਂ ਬਿਮਾਰੀਆਂ ਸਾਹ, ਦਮਾ, ਬਲੱਡ ਪ੍ਰੈਸ਼ਰ, ਘਬਰਾਹਟ, ਸਿਰ ਦਰਦ, ਦਿਲ ਦੇ ਰੋਗ, ਚਮੜੀ ਦੇ ਰੋਗ, ਅੰਦਰੂਨੀ ਰੋਗਾਂ ਆਦਿ ਦੇ ਸਾਰੇ ਲੋਕ ਸ਼ਿਕਾਰ ਹੁੰਦੇ ਹਨ। ਆਮ ਦਿਨਾਂ 'ਚ ਸਾਡੇ ਸਾਹ ਨਾਲ ਸਰੀਰ ਅੰਦਰ ਜਾਣ ਵਾਲੇ ਮਹੀਨ ਧੂੜ ਕਣਾਂ ਦੀ ਮਾਤਰਾ 60 ਮਿਲੀਗ੍ਰਾਮ ਪ੍ਰਤੀ ਘਣ ਮੀਟਰ ਹੁੰਦੀ ਹੈ ਪਰ ਪਰਾਲੀ ਸਾੜਨ ਦੇ ਦਿਨਾਂ 'ਚ ਇਹ 425 ਮਿਲੀਗ੍ਰਾਮ ਪ੍ਰਤੀ ਘਣ ਮੀਟਰ ਤਕ ਹੋ ਜਾਂਦੀ ਹੈ। ਉਸ ਦੇ ਜੋ ਆਮ ਲੋਕਾਂ ਦੀ ਜ਼ਿੰਦਗੀ 'ਤੇ ਮਾਰੂ ਅਤੇ ਖਤਰਨਾਕ ਪ੍ਰਭਾਵ ਪੈਂਦੇ ਹਨ ਜਾਂ ਬਿਮਾਰੀਆਂ ਲਗਦੀਆਂ ਹਨ, ਕੀ ਕਿਸਾਨਾਂ ਦੇ ਪ੍ਰਵਾਰ ਇਸ ਪ੍ਰਭਾਵ ਹੇਠ ਨਹੀਂ ਆਉਂਦੇ ? ਪਰਾਲੀ ਸਾੜਨ ਨਾਲ ਪੈਦਾ ਹੋਏ ਧੂੰਏਂ ਨਾਲ ਅਨੇਕਾਂ ਸੜਕੀ ਹਾਦਸੇ ਵਾਪਰਦੇ ਹਨ ਅਤੇ ਬਹੁਤ ਮਨੁੱਖੀ ਜਾਨਾਂ ਚਲੀਆਂ ਜਾਂਦੀਆਂ ਹਨ, ਕੀ ਇਸ ਪ੍ਰਤੀ ਸਾਡੀ ਜ਼ਿੰਮੇਵਾਰੀ ਨਹੀਂ ਬਣਦੀ ? ਇਸ ਤੋਂ ਇਲਾਵਾ ਅਨੇਕਾਂ ਜੀਵ ਜੰਤੂ, ਪਸ਼ੂ ਪੰਛੀ, ਕੀੜੇ ਮਕੌੜੇ, ਕੀਟ ਪਤੰਗੇ, ਫੁੱਲ ਬੂਟੇ, ਦਰੱਖਤ ਆਦਿ ਅੱਗ ਨਾਲ ਸੜ ਜਾਂਦੇ ਹਨ, ਕੀ ਇਹ ਕੁਦਰਤ ਨਾਲ ਸਰਾਸਰ ਅਨਿਆਂ ਨਹੀਂ ਹੈ ?

ਪਰਾਲੀ ਦੇ ਧੂੰਏਂ ਨਾਲ ਜੋ ਬਿਮਾਰੀਆਂ ਪੈਦਾ ਹੁੰਦੀਆਂ ਹਨ, ਕੀ ਉਸ ਦਾ ਸ਼ਿਕਾਰ ਕਿਸਾਨ ਦੇ ਪ੍ਰਵਾਰ ਨਹੀਂ ਹੁੰਦੇ ? ਉਸ ਬਿਮਾਰੀ ਤੇ ਹੋਣ ਵਾਲਾ ਖਰਚਾ ਵੀ ਕਿਸਾਨ ਲਈ ਹੋਰ ਆਰਥਕ ਮੰਦਹਾਲੀ ਦਾ ਕਾਰਨ ਬਣਦਾ ਹੈ। ਖੇਤੀਬਾੜੀ ਮਾਹਰਾਂ ਮੁਤਾਬਕ ਪਰਾਲੀ ਸਾੜਨ ਨਾਲ ਲਗਭਗ 32 ਕਿਲੋ ਯੂਰੀਆ, 5.5 ਕਿਲੋ ਡੀ ਪੀ ਏ, 51 ਕਿਲੋ ਪੋਟਾਸ਼ ਸੜ ਜਾਂਦੀ ਹੈ, ਸਾਡੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਘਟਾ ਦਿੰਦੀ ਹੈ ਤੇ ਇਸਦੀ ਪੂਰਤੀ ਲਈ ਲੋੜ ਤੋਂ ਵੱਧ ਖਾਦਾਂ ਦੀ ਵਰਤੋਂ ਕਰਨੀ ਕਿਸਾਨੀ ਆਰਥਕਤਾ ਨੂੰ ਢਾਹ ਹੈ।

ਦੂਜਾ, ਮਨੁੱਖ ਨੇ ਵਿਕਾਸ ਦੇ ਨਾਂ 'ਤੇ ਨਿਰਦਈ ਬਿਰਤੀ ਨਾਲ ਦਰੱਖਤਾਂ ਉੱਤੇ ਕੁਹਾੜਾ ਚਲਾ ਕੇ ਕੁਦਰਤ ਪ੍ਰਤੀ ਬਿਗਾਨੇਪਨ ਦਾ ਅਹਿਸਾਸ ਕਰਵਾਇਆ ਹੈ

ਇੰਜੀ. ਸਤਨਾਮ ਸਿੰਘ ਮੱਟੂ,
ਬੀਂਬੜ, ਸੰਗਰੂਰ
ਮੋਬਾ: 97797-08257

। ਇਸ ਕਿਰਿਆ ਲਈ ਪੰਜਾਬ ਦੇਸ਼ ਦਾ ਦੂਜਾ ਸੂਬਾ ਹੈ, ਜਿੱਥੇ ਦਰੱਖਤਾਂ ਦੀ ਸਭ ਤੋਂ ਵੱਧ ਕਟਾਈ ਹੋਈ ਹੈ। ਵਾਤਾਵਰਣ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ 'ਚੋਂ ਅਕਤੂਬਰ 1980 ਤੋਂ ਫਰਵਰੀ 2018 ਤੱਕ 1.72 ਲੱਖ ਏਕੜ ਜ਼ਮੀਨ ਤੋਂ ਹਰਿਆਲੀ ਦਾ ਸਫਾਇਆ ਹੋ ਗਿਆ ਹੈ। ਪੰਜਾਬ ਨੇ ਇਕ ਅੰਦਾਜ਼ੇ ਅਨੁਸਾਰ ਪਿਛਲੇ 37 ਵਰ੍ਹਿਆਂ 'ਚ ਪੰਜਾਬ ਨੇ ਵਿਕਾਸ ਦੀ ਆੜ ਵਿਚ 5.12 ਕਰੋੜ ਦਰੱਖਤਾਂ ਦੀ ਬਲੀ ਦਿੱਤੀ ਹੈ। ਬੀਤੇ ਵਰ੍ਹੇ ਵੀ ਸਰਕਾਰ ਨੇ 1415 ਏਕੜ ਜ਼ਮੀਨ 'ਚੋਂ ਹਰਿਆਲੀ ਸਾਫ ਕਰ ਕੇ 4 ਲੱਖ ਤੋਂ ਵੱਧ ਦਰੱਖਤ ਆਰੇ ਦੀ ਭੇਟ ਚਾੜ੍ਹੇ ਹਨ। ਕੇਂਦਰੀ ਵਾਤਾਵਰਣ ਤੇ ਜੰਗਲਾਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ 'ਚ ਜੰਗਲਾਂ ਹੇਠੋਂ ਰਕਬਾ ਦਿਨ ਪ੍ਰਤੀ ਦਿਨ ਘੱਟ ਰਿਹਾ ਹੈ ਜੋ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਕੱਲੇ ਜਨਵਰੀ 2015 ਤੋਂ ਹੀ ਅੰਕੜਿਆਂ ਨੂੰ ਵਾਚੀਏ ਤਾਂ ਪਤਾ ਚਲਦਾ ਹੈ ਕਿ ਪੰਜਾਬੀਆਂ ਨੇ ਹੁਣ ਤੱਕ ਕਰੀਬ 50 ਲੱਖ ਰੁੱਖਾਂ ਤੋਂ ਧਰਤੀ ਨੂੰ ਵਿਹੂਣੀ ਕਰ ਕੇ 2280 ਏਕੜ ਜ਼ਮੀਨ ਨੂੰ ਜੰਗਲ ਮੁਕਤ ਕਰ ਦਿੱਤਾ ਹੈ। ਸੜਕਾਂ ਨੂੰ ਚੌੜੀਆਂ ਕਰਨ ਲਈ ਵੀ ਬੇਸ਼ੁਮਾਰ ਦਰੱਖਤ ਕੱਟ ਕੇ ਮਨੁੱਖ ਨੇ ਕੁਦਰਤੀ ਸੁੰਦਰਤਾ ਨੂੰ ਢਾਹ ਲਾਈ ਹੈ। ਬਠਿੰਡਾ-ਅੰਮ੍ਰਿਤਸਰ ਸੜਕ ਨੇ ਅਪਣੇ ਫੈਲਾਅ ਲਈ 30 ਹਜ਼ਾਰ, ਜਲੰਧਰ-ਦਿੱਲੀ ਸੜਕ ਨੇ 1.10



ਲੱਖ ਦਰੱਖਤਾਂ ਦੀ ਬਲੀ ਲਈ ਹੈ। ਇਸੇ ਤਰ੍ਹਾਂ ਲੁਧਿਆਣਾ-ਫਿਰੋਜ਼ਪੁਰ ਨੇ 500 ਏਕੜ ਅਤੇ ਬਠਿੰਡਾ ਜ਼ੀਰਕਪੁਰ ਸੜਕ ਨੇ 281 ਹੈਕਟਰ ਜ਼ਮੀਨ ਦਰੱਖਤਾਂ ਹੇਠੋਂ ਖੋਹੀ ਹੈ। ਮਨੁੱਖ ਕੁਦਰਤੀ ਆਬੋ ਹਵਾ ਤੋਂ ਵਿਰਵਾ ਹੋ ਰਿਹਾ ਹੈ।

ਇਕ ਪਾਸੇ ਅਸੀਂ ਫੈਕਟਰੀਆਂ, ਥਰਮਲ ਪਲਾਂਟਾਂ, ਇੱਟਾਂ ਦੇ ਭੱਠਿਆਂ, ਗੱਡੀਆਂ ਅਤੇ ਪਰਾਲੀ ਸਾੜਨ ਆਦਿ ਦੇ ਧੂੰਏਂ ਨਾਲ ਜ਼ਹਿਰੀਲੀਆਂ ਤੇ ਹਾਨੀਕਾਰਕ ਗੈਸਾਂ ਵਾਤਾਵਰਣ ਵਿਚ ਛੱਡ ਕੇ ਇਸ ਨੂੰ ਪਲੀਤ ਕਰ ਰਹੇ ਹਾਂ। ਵਿਕਾਸ ਦੀ ਆੜ ਵਿਚ ਪੰਜਾਬ ਦੀ ਧਰਤੀ ਤੋਂ ਦਰੱਖਤਾਂ ਦਾ ਕਤਲ ਕਰ ਕੇ ਹਰਿਆਲੀ ਨੂੰ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੇ। ਪਲੀਤ ਹੋਏ ਵਾਤਾਵਰਣ ਨੂੰ ਸਾਫ ਕਰਨ ਲਈ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਿਉਂਦੇ ਰਹਿਣ ਲਈ ਮਨੁੱਖ ਨੂੰ ਆਕਸੀਜਨ ਦੀ ਲੋੜ ਹੈ, ਜਿਸ ਦਾ ਸਾਧਨ ਸਿਰਫ ਤੇ ਸਿਰਫ ਦਰੱਖਤ ਹਨ। ਜੇ ਧਰਤੀ ਤੋਂ ਰੁੱਖ ਖਤਮ ਕਰ ਕੇ ਅਸੀਂ ਅਪਣੇ ਆਪ ਨੂੰ ਖਤਮ ਕਰਨ ਵੱਲ ਧਕੇਲ ਰਹੇ ਹਾਂ। ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਵਾਂਗ ਆਕਸੀਜਨ ਦੇ ਸਿਲੰਡਰ ਨਾਲ ਰੱਖਣੇ ਪਿਆ ਕਰਨਗੇ ਅਤੇ ਅਸੀਂ ਅਪਣੀ ਗਲਤੀ ਤੇ ਮੂਰਖਤਾ ਉੱਤੇ ਪਛਤਾਵਾ ਕਰਿਆ ਕਰਾਂਗੇ। ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਪਾਣੀ ਪੀ ਪੀ ਕੋਸਿਆ ਕਰਨਗੀਆਂ ਜਦਕਿ ਉਦੋਂ ਕੋਈ ਹੱਲ ਵੀ ਨਜ਼ਰ ਨਹੀਂ ਆਵੇਗਾ। ਕੁਦਰਤ ਦੀ ਦੇਣ ਰੁੱਖਾਂ ਨੂੰ ਖਤਮ ਕਰਨ ਦੇ ਰਾਹ ਪੈ ਗਏ ਹਾਂ। ਮੌਕੇ ਦੀਆਂ ਸਰਕਾਰਾਂ ਨੂੰ ਵੋਟ ਬੈਂਕ ਤੋਂ ਉਪਰ ਉਠ ਕੇ ਮਨੁੱਖ ਦੀ ਭਲਾਈ ਪ੍ਰਤੀ ਸੁਹਿਰਦ ਹੁੰਦਿਆਂ ਨੇਕ-ਨੀਅਤੀ ਨਾਲ ਪਰਾਲੀ ਨੂੰ ਸਾੜਨ ਤੋਂ ਬਚਾਉਣ ਲਈ ਪ੍ਰਬੰਧਾਂ ਹਿੱਤ ਅਗੇਤੇ ਯਤਨ ਕਰਨੇ ਚਾਹੀਦੇ ਹਨ। ਪਰਾਲੀ ਦੇ ਖਾਤਮੇ ਲਈ ਲੋੜੀਂਦੀ ਮਸ਼ੀਨਰੀ ਖਰੀਦਣ ਲਈ ਮਹਿਕਮਿਆਂ ਨੂੰ ਅਗਾਊਂ ਪ੍ਰਬੰਧ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਬਜਟ ਵਿਚ ਹੀ ਇਸ ਕੰਮ ਲਈ ਫੰਡ ਰਾਖਵੇਂ ਰਖਣੇ ਚਾਹੀਦੇ ਹਨ ਨਹੀਂ ਤਾਂ ਫਿਰ ਐਨ.ਜੀ.ਟੀ. ਦੇ ਰੁੱਖੇ ਅਤੇ ਸਖਤਾਈ ਭਰੇ ਰੁਖ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨਾਂ ਨੂੰ ਜੁਰਮਾਨਾ ਕਰਨਾ ਜਾਂ ਕੇਸ ਦਰਜ ਕਰਨਾ ਇਸ ਮਸਲੇ ਦਾ ਠੋਸ ਹੱਲ ਨਹੀਂ ਹੈ ਜਦਕਿ ਲੋੜ ਪਰਾਲੀ ਦੇ ਠੋਸ ਪ੍ਰਬੰਧਨ ਦੀ ਹੈ।

ਸੋ ਸਾਨੂੰ ਵੀ ਸਾਰਿਆਂ ਨੂੰ ਆਰਥਕ ਮੰਦਹਾਲੀ ਦੀ ਸੋਚ ਤੋਂ ਉਪਰ ਉਠ ਕੇ ਪੂਰੀ ਮਾਨਵਤਾ ਦੇ ਭਲੇ ਲਈ ਇਸ ਤੋਂ ਬਚਾਅ ਲਈ ਰਲ ਕੇ ਹੰਭਲਾ ਮਾਰਨ ਅਤੇ ਲੋਕ ਲਹਿਰ ਬਣਾਉਣ ਦੀ ਲੋੜ ਹੈ। ਕਿਸਾਨਾਂ ਲਈ ਵੀ ਖੇਤਾਂ ਵਿਚ ਪ੍ਰਤੀ ਏਕੜ ਪੰਜ ਬੂਟੇ ਖੇਤ 'ਚ ਲਾਉਣਾ ਜ਼ਰੂਰੀ ਕਰ ਦੇਣਾ ਚਾਹੀਦਾ ਹੈ। ਸ਼ਹਿਰੀ ਘਰਾਂ ਦੇ ਨਕਸ਼ਿਆਂ 'ਚ ਹਰ ਘਰ ਰੁੱਖ ਲਗਾਉਣਾ ਕਰ ਦੇਣਾ ਚਾਹੀਦਾ ਹੈ। ਪਿੰਡਾਂ ਵਿੱਚ ਵੀ ਸਰਕਾਰੀ ਸਹੂਲਤਾਂ ਲੈਣ ਵਾਲੇ ਲਾਭਪਾਤਰੀਆਂ ਲਈ ਘਰ 'ਚ ਇਕ ਬੂਟਾ ਲਾਉਣ ਦੀ ਸ਼ਰਤ ਲਗਾ ਦੇਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਪ੍ਰਦੂਸ਼ਣ ਮੁਕਤ ਵਾਤਾਵਰਣ ਸਿਰਜਣ ਲਈ ਅਤੇ ਧਰਤੀ ਦੀ ਹਰਿਆਵਲ ਬਰਕਰਾਰ ਰੱਖਣ ਲਈ ਸਮਾਜਕ, ਧਾਰਮਕ, ਸਿਆਸੀ ਸੰਸਥਾਵਾਂ, ਨੌਜਵਾਨ ਕਲੱਬਾਂ, ਸਹਿਤਕ ਤੇ ਵਿਦਿਅਕ ਅਦਾਰਿਆਂ ਦੀ ਸਹਾਇਤਾ ਨਾਲ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਕਿਸਾਨ ਗੁਰਭੇਜ ਸਿੰਘ ਨੇ 15 ਸਾਲਾਂ ਤੋਂ ਨਹੀਂ ਸਾੜੀ ਪਰਾਲੀ

ਪਰਾਲੀ ਪ੍ਰਬੰਧਨ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ, ਉਸ ਦੇ ਨਾਲ ਹੀ ਫਸਲਾਂ ਦੀ ਪੈਦਾਵਾਰ 'ਚ ਵੀ ਵਾਧਾ ਹੁੰਦਾ ਹੈ। ਇਸ ਦੇ ਉਲਟ ਖੇਤਾਂ 'ਚ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਜਿੱਥੇ ਜ਼ਮੀਨ ਦੀ ਸਿਹਤ ਖਰਾਬ ਹੁੰਦੀ ਹੈ, ਉੱਥੇ ਹੀ ਕਈ ਤਰ੍ਹਾਂ ਦੇ ਮਿੱਤਰ ਕੀੜੇ ਵੀ ਅੱਗ ਦੀ ਭੇਟ ਚੜ੍ਹ ਜਾਂਦੇ ਹਨ। ਇਹ ਸਾਰਾ ਤਜਰਬਾ ਪਿਛਲੇ ਸਾਲਾਂ ਦੌਰਾਨ ਖੇਤਾਂ 'ਚ ਪਰਾਲੀ ਪ੍ਰਬੰਧਨ ਨਾਲ ਆਏ ਸਾਰਥਕ ਨਤੀਜਿਆਂ ਤੋਂ ਹੋਇਆ ਹੈ। ਇਹ ਕਹਿਣਾ ਹੈ ਕਿ ਜ਼ਿਲ੍ਹੇ ਦੇ ਕਸਬਾ ਅਲਾਵਲਪੁਰ ਦੇ ਨੇੜਲੇ ਪਿੰਡ ਸਿਕੰਦਰਪੁਰ ਦੇ ਅਗਾਂਹਵਧੂ ਕਿਸਾਨ ਗੁਰਭੇਜ ਸਿੰਘ ਦਾ।

ਗੁਰਭੇਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਕਰੀਬ 55 ਏਕੜ 'ਚ ਖੇਤੀਬਾੜੀ ਹੈ ਅਤੇ 15 ਸਾਲਾਂ ਤੋਂ ਆਪਣੇ ਖੇਤਾਂ 'ਚ ਪਰਾਲੀ ਦਾ ਸੁਚੱਜਾ ਪ੍ਰਬੰਧ ਕਰਨ ਦੇ ਨਾਲ ਕਦੇ ਵੀ ਪਰਾਲੀ ਨੂੰ ਅੱਗ ਨਹੀਂ ਲਾ ਰਹੇ। ਇਸ ਦੇ ਨਤੀਜੇ ਹੁਣ ਉਨ੍ਹਾਂ ਦੇ ਸਾਹਮਣੇ ਪ੍ਰਤੱਖ ਰੂਪ 'ਚ ਆ ਚੁੱਕੇ ਹਨ। ਗੁਰਭੇਜ ਸਿੰਘ ਦੱਸਦੇ ਹਨ ਕਿ ਉਹ 55 ਏਕੜ 'ਚੋਂ 55 ਫੀਸਦੀ ਰਕਬੇ 'ਚ ਗੰਨੇ ਦੀ ਬਿਜਾਈ ਕਰਦੇ ਹਨ ਅਤੇ 30 ਫੀਸਦੀ ਰਕਬੇ 'ਚ ਆਲੂ



ਦੀ ਬਿਜਾਈ ਕਰਦੇ ਹਨ। ਇਸ ਤੋਂ ਇਲਾਵਾ ਉਹ ਕਣਕ, ਝੋਨੇ ਤੇ ਮੱਕੀ ਦੀ ਕਾਸ਼ਤ ਵੀ ਕਰਦੇ ਹਨ। ਖੇਤਾਂ 'ਚ ਪਰਾਲੀ ਦਬਾਉਣ ਨਾਲ ਜਿੱਥੇ ਪੈਲੀ ਪੋਲੀ ਹੁੰਦੀ ਹੈ, ਉੱਥੇ ਹੀ ਕਣਕ ਤੇ ਆਲੂ ਤੇ ਹੋਰ ਫਸਲਾਂ ਦੀ ਪੈਦਾਵਾਰ 'ਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਫਸਲਾਂ ਨਾਲ ਲਾਏ ਜਾਣ ਵਾਲੇ ਪਾਣੀ ਦੀ ਖਪਤ ਵੀ ਘੱਟ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਝੋਨੇ ਦੀ ਵਾਢੀ ਤੋਂ ਬਾਅਦ ਉਹ ਪਰਾਲੀ ਦੀ ਰਹਿੰਦ-ਖੂੰਹਦ ਨੂੰ ਖੇਤਾਂ 'ਚ ਵਾਹ ਕੇ ਦਬਾਉਣ ਦੇ ਨਾਲ ਹੀ ਕਣਕ ਦੇ ਆਲੂ ਦੀ ਫਸਲ ਬੀਜਣ ਲਈ ਖੇਤ ਤਿਆਰ ਕਰ ਰਹੇ ਹਨ। ਇਸ ਕੰਮ ਲਈ ਉਹ ਪਲਟਵੇਂ ਹੱਲ ਤੋਂ ਇਲਾਵਾ ਸੁਪਰਸੀਡਰ ਤੇ ਜ਼ੀਰੋ ਟਰਿੱਲ ਡਰਿੱਲ ਮਸ਼ੀਨ ਦੀ ਵੀ ਵਰਤੋਂ ਕਰ ਰਹੇ ਹਨ।

ਗੁਰਭੇਜ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਖੇਤਾਂ 'ਚ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਵਾਲੇ ਕਿਸਾਨ ਵੀਰਾਂ ਨੂੰ ਅਪੀਲ ਹੈ ਕਿ ਖੇਤਾਂ 'ਚ ਪਰਾਲੀ ਦਾ ਸੁਚੱਜਾ ਪ੍ਰਬੰਧ ਕਰਨ ਨਾਲ ਥੋੜ੍ਹੀ ਜਿਹੀ ਵੱਧ ਮਿਹਨਤ ਕਰ ਕੇ ਉਹ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਅ ਸਕਦੇ ਹਨ, ਉੱਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਣ ਨਾਲ ਪੈਦਾਵਾਰ ਵਧਾ ਕੇ ਖ਼ੁਸ਼ਹਾਲ ਕਿਸਾਨੀ ਕਰ ਸਕਦੇ ਹਨ।

### ਹੋਰਨਾਂ ਲਈ ਮਿਸਾਲ ਹਨ ਅਗਾਂਹਵਧੂ ਕਿਸਾਨ

ਜ਼ਿਲ੍ਹਾ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਮੁੱਖ ਅਫ਼ਸਰ ਡਾ. ਜਸਵੰਤ ਰਾਏ ਦਾ ਕਹਿਣਾ ਹੈ ਕਿ ਗੁਰਭੇਜ ਸਿੰਘ ਨੇ ਪਰਾਲੀ ਦੇ ਸੁਚੱਜੇ ਪ੍ਰਬੰਧ ਨਾਲ ਜਿੱਥੇ ਵਾਤਾਵਰਨ ਬਚਾਉਣ 'ਚ ਯੋਗਦਾਨ ਪਾ ਰਹੇ ਹਨ, ਉੱਥੇ ਹੀ ਖੇਤੀ ਨੂੰ ਲਾਹੇਵੰਦ ਧੰਦਾ ਬਣਾ ਕੇ ਆਰਥਿਕ ਖ਼ੁਸ਼ਹਾਲੀ ਵੱਲ ਵਧੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹੋਰਨਾਂ ਕਿਸਾਨਾਂ ਨੂੰ ਵੀ ਗੁਰਭੇਜ ਸਿੰਘ ਤੇ ਹੋਰ ਅਗਾਂਹਵਧੂ ਕਿਸਾਨਾਂ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ, ਉੱਥੇ ਹੀ ਕਿਸਾਨਾਂ ਦੀ ਆਮਦਨ ਵੀ ਵਧੇਗੀ।





# ਕਣਕ ਦੀ ਬਿਜਾਈ ਸਮੇਂ ਨਦੀਨਾਂ ਦੀ ਰੋਕਥਾਮ

ਅਮਿਤ ਕੌਲ, ਪਰਮਿੰਦਰ ਸਿੰਘ ਸੰਧੂ ਅਤੇ ਤਰੁਨਦੀਪ ਕੌਰ ਧਾਲੀਵਾਲ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 81464-00233

ਕਣਕ ਪੰਜਾਬ ਵਿਚ ਹਾੜ੍ਹੀ ਦੀ ਪ੍ਰਮੁੱਖ ਫਸਲ ਅਤੇ ਦੇਸ਼ ਦੀ ਮੁੱਖ ਖੁਰਾਕ ਵਾਲੀ ਫਸਲ ਹੈ । ਗੁੱਲੀ ਡੰਡਾ ਕਣਕ ਦੀ ਫਸਲ ਵਿਚ ਸਭ ਤੋਂ ਵੱਧ ਨੁਕਸਾਨ ਕਰਨ ਵਾਲਾ ਨਦੀਨ ਹੈ ਪ੍ਰੰਤੂ ਕਣਕ ਦੀ ਫਸਲ ਵਿਚ ਹੋਣ ਵਾਲੇ ਬਾਕੀ ਘਾਹ ਵਾਲੇ ਨਦੀਨ ਅਤੇ ਚੌੜੇ ਪੱਤੇ ਵਾਲੇ ਨਦੀਨ ਵੀ ਕਣਕ ਦੀ ਫਸਲ ਦਾ ਬਹੁਤ ਨੁਕਸਾਨ ਕਰਦੇ ਹਨ । ਕਿਸੇ ਵੀ ਫਸਲ ਦਾ ਪੂਰਾ ਝਾੜ ਲੈਣ ਨਦੀਨਾਂ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ, ਕਿਉਕਿ ਨਦੀਨ ਫਸਲ ਦਾ ਝਾੜ ਘਟਾਉਣ ਦੇ ਨਾਲ-ਨਾਲ ਫਸਲਾਂ ਦੇ ਮਿਆਰ ਅਤੇ ਮੰਡੀਕਰਨ ਤੇ ਵੀ ਬੁਰਾ ਪ੍ਰਭਾਵ ਪਾਉਂਦੇ ਹਨ । ਕਣਕ ਦੀ ਫਸਲ ਵਿਚ ਹੋਣ ਵਾਲੇ ਨਦੀਨਾਂ ਵਿਚੋਂ ਘਾਹ ਵਾਲੇ ਨਦੀਨ ਜਿਵੇਂ ਕਿ ਗੁੱਲੀ ਡੰਡਾ, ਜੰਗਲੀ ਜਵੀਂ, ਬੂੰਈ, ਲੂੰਬੜ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨ ਜਿਵੇਂ ਕਿ ਬਾਥੂ, ਜੰਗਲੀ ਪਾਲਕ, ਮੈਣਾ/ਖੰਡੀ, ਬਟਨ ਬੂਟੀ, ਜੰਗਲੀ ਹਾਲੋਂ, ਆਦਿ ਪ੍ਰਮੁੱਖ ਹਨ । ਕਿਸੇ ਇਕ ਨਦੀਨ ਉੱਪਰ ਲਗਾਤਾਰ ਇਕ ਹੀ ਨਦੀਨਨਾਸ਼ਕ ਦੀ ਵਰਤੋਂ ਕਰਨ ਨਾਲ ਵੀ ਉਸ ਨਦੀਨ ਵਿੱਚ ਨਦੀਨਨਾਸ਼ਕ ਪ੍ਰਤੀ ਰੋਧਕ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਅਗਲੇ ਸਾਲਾਂ ਵਿਚ ਇਕ ਤਾਂ ਉਹ ਨਦੀਨ ਉਸ ਨਦੀਨਨਾਸ਼ਕ ਨਾਲ ਮਰਦਾ ਨਹੀਂ ਅਤੇ ਦੂਸਰਾ ਖੇਤ ਵਿਚ ਉਸ ਨਦੀਨ ਦੇ ਬੀਜਾਂ ਦੀ ਭਰਮਾਰ ਹੋਣ ਕਰਕੇ ਆਉਣ ਵਾਲੇ ਸਾਲਾਂ ਵਿੱਚ ਉਸ ਇਕ ਨਦੀਨ ਕਰਕੇ ਫਸਲ ਦੇ ਝਾੜ ਉੱਪਰ ਵੀ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ । ਗੁੱਲੀ ਡੰਡੇ ਦਾ ਖੇਤਾਂ ਵਿਚ ਵਾਧਾ ਰੋਕਣ ਲਈ ਹੁਣ ਸਿਰਫ ਨਦੀਨ ਨਾਸ਼ਕਾਂ ਉੱਪਰ ਨਿਰਭਰ ਹੋ ਕੇ ਨਹੀਂ ਸਰਨਾ, ਇਸ ਲਈ ਨਦੀਨਾਂ ਦੇ ਵਾਧੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਤਰੀਕੇ ਅਪਣਾਏ ਜਾ ਸਕਦੇ ਹਨ । ਜਿਵੇਂ ਕਿ ਸਾਫ ਬੀਜ ਦੀ ਵਰਤੋਂ ਕਰਨਾ, ਬਿਜਾਈ ਦਾ ਸਮਾਂ, ਨਦੀਨਨਾਸ਼ਕਾਂ ਦਾ ਹੇਰ-ਫੇਰ, ਬਿਜਾਈ ਦਾ ਢੰਗ, ਸਾਫ ਖੇਤੀਬਾੜੀ ਸੰਦਾਂ ਦੀ ਵਰਤੋਂ ਕਰਨਾ ਅਤੇ ਨਦੀਨਾਂ ਨੂੰ ਖਾਲਾਂ ਅਤੇ ਵੱਟਾਂ ਤੋਂ ਉੱਗਣ ਤੋਂ ਰੋਕਣਾ, ਆਦਿ ।

**ਕਾਸ਼ਤਕਾਰੀ ਢੰਗਾਂ ਨਾਲ** : ਕਣਕ ਦੀ ਬਿਜਾਈ ਜੇਕਰ ਸਹੀ ਸਮੇਂ ਤੇ ਹੋ ਜਾਵੇ ਤਾਂ ਗੁੱਲੀ ਡੰਡੇ ਉੱਪਰ ਜੰਮਣ ਤੋਂ ਪਹਿਲਾਂ ਹੀ ਕਾਬੂ ਪਾਇਆ ਜਾ ਸਕਦਾ ਹੈ । 25 ਅਕਤੂਬਰ ਤੋਂ ਲੈ ਕੇ ਨਵੰਬਰ ਦੇ ਪਹਿਲੇ ਹਫਤੇ ਤੱਕ ਜੇਕਰ ਕਣਕ ਦੀ ਬਿਜਾਈ ਹੋ ਜਾਵੇ ਤਾਂ ਫਸਲ ਵਿਚ ਗੁੱਲੀ ਡੰਡਾ ਬਹੁਤ ਘੱਟ ਜੰਮਦਾ ਹੈ, ਕਿਉਕਿ ਗੁੱਲੀ ਡੰਡੇ ਦਾ ਜੰਮ ਨਵੰਬਰ ਵਿਚ ਹਲਕੀ ਠੰਡ ਪੈਣ ਤੇ ਸ਼ੁਰੂ ਹੁੰਦਾ ਹੈ ।

## ਸਰਵਪੱਖੀ ਨਦੀਨ ਪ੍ਰਬੰਧ

ਹੈਪੀ ਸੀਡਰ ਨਾਲ ਜਾਂ ਸਰਫੇਸ ਸੀਡਿੰਗ ਵਿਧੀ ਨਾਲ ਬਿਜਾਈ ਕਰਨ ਤੇ ਗੁੱਲੀ ਡੰਡੇ ਦੀ ਸਮੱਸਿਆ ਘੱਟ ਜਾਂਦੀ ਹੈ । ਹੈਪੀ ਸੀਡਰ ਅਤੇ ਸਰਫੇਸ ਸੀਡਿੰਗ ਵਿਧੀ ਨਾਲ ਬਿਜਾਈ ਵਿਚ ਧਰਤੀ ਦੀ ਤਹਿ ਉੱਪਰ ਪਰਾਲੀ ਹੋਣ ਕਾਰਨ ਨਦੀਨ ਨਹੀਂ ਜੰਮਦੇ ਜਾਂ ਨਾ ਮਾਤਰ ਹੀ ਜੰਮਦੇ ਹਨ, ਜੇਕਰ ਥੋੜੇ ਬਹੁਤੇ ਨਦੀਨ ਉੱਗ ਵੀ ਆਉਣ ਤਾਂ ਉੱਗੇ ਹੋਏ ਨਦੀਨ ਮਲਚ ਦੀ ਤਹਿ ਹੇਠ ਆਉਣ ਕਾਰਨ ਮਰ ਜਾਂਦੇ ਹਨ । ਜੇਕਰ ਹੈਪੀ ਸੀਡਰ ਨਾਲ ਅਤੇਸਰਫੇਸ ਸੀਡਿੰਗ ਤਕਨੀਕ ਨਾਲ ਬੀਜੀ ਕਣਕ ਵਾਲੇ ਖੇਤ ਵਿਚ ਨਦੀਨ ਉੱਗ ਆਉਣ ਤਾਂ ਲੋੜ ਮੁਤਾਬਕ ਨਦੀਨ ਨਾਸ਼ਕ ਦੀ ਵਰਤੋਂ ਕਰਕੇ ਅਤੇ ਬਚੇ ਹੋਏ ਨਦੀਨਾਂ ਦੇ ਬੂਟਿਆਂ ਨੂੰ ਪੁੱਟਣ ਨਾਲ ਕਣਕ ਵਿਚ ਨਦੀਨਾਂ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ ।

## ਨਦੀਨ ਨਾਸ਼ਕ ਦੀ ਵਰਤੋਂ ਕਰਕੇ ਨਦੀਨ ਪ੍ਰਬੰਧ

ਕਣਕ ਵਿੱਚ ਇਕ ਹੀ ਨਦੀਨਨਾਸ਼ਕ ਦੀ ਲਗਾਤਾਰ ਵਰਤੋਂ ਕਰਨ ਨਾਲ ਗੁੱਲੀ ਡੰਡੇ ਵਿਚ ਨਦੀਨਨਾਸ਼ਕਾਂ ਲਈ ਪ੍ਰਤੀਰੋਧਕ ਸ਼ਕਤੀ ਪੈਦਾ ਹੋ ਗਈ ਹੈ । ਇਸ ਲਈ ਸਾਨੂੰ ਬਿਜਾਈ ਦੇ ਵੱਖ-ਵੱਖ ਤਰੀਕਿਆਂ ਵਿਚ ਨਦੀਨ ਨਾਸ਼ਕਾਂ ਦੀ ਅਦਲ ਬਦਲ ਕਰਕੇ ਹੀ ਵਰਤੋਂ ਕਰਨੀ ਚਾਹੀਦੀ ਹੈ । ਕੰਬਾਈਨ ਨਾਲ ਕੱਟੇ ਝੋਨੇ ਦੇ ਵੱਢ ਵਿਚ ਕਣਕ ਦੀ ਹੈਪੀ ਸੀਡਰ ਨਾਲ ਸਿੱਧੀ ਬਿਜਾਈ ਕਰਨ ਨਾਲ ਗੁੱਲੀ ਡੰਡੇ ਦੀ ਸਮੱਸਿਆ ਘੱਟ ਆਉਂਦੀ ਹੈ । ਹੈਪੀ ਸੀਡਰ ਨਾਲ ਬੀਜੀ ਕਣਕ ਵਿਚ ਜੇਕਰ ਖੇਤ ਵਿਚ ਨਦੀਨ ਉੱਗਦੇ ਹਨ ਤਾਂ ਬਿਜਾਈ ਸਮੇਂ ਨਦੀਨ ਨਾਸ਼ਕ ਦੀ ਵਰਤੋਂ ਕਰਕੇ ਨਦੀਨਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ । ਇਕ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਬਿਜਾਈ ਵੇਲੇ ਵਰਤੇ ਜਾਣ ਵਾਲੇ ਨਦੀਨਨਾਸ਼ਕ ਨੂੰ ਵਰਤਣ ਸਮੇਂ ਖੇਤ ਵਿਚ ਕਾਫੀ ਵੱਤਰ/ਨਮੀ ਹੋਣੀ ਬਹੁਤ ਜ਼ਰੂਰੀ ਹੈ ।

## ਨਦੀਨ ਨਾਸ਼ਕ ਦੀ ਵਰਤੋਂ ਸੰਬੰਧੀ ਧਿਆਨ ਯੋਗ ਗੱਲਾਂ

1. ਨਦੀਨ ਉੱਗਣ ਤੋਂ ਪਹਿਲਾਂ ਵਰਤਣ ਵਾਲੇ ਨਦੀਨ ਨਾਸ਼ਕਾਂ ਦੇ ਛਿੜਕਾਅ ਲਈ ਫਲੱਡ ਜੈਟ ਨੋਜ਼ਲ ਨੂੰ ਤਰਜੀਹ ਦਿਓ ।

2. ਨਦੀਨਾਂ ਵਿਚ ਰੋਧਣ ਸ਼ਕਤੀ ਪੈਦਾ ਹੋਣ ਤੋਂ ਰੋਕਣ ਲਈ ਨਦੀਨ ਨਾਸ਼ਕਾਂ ਦੀ ਹਰ ਸਾਲ ਅਦਲ-ਬਦਲ ਕੇ ਵਰਤੋਂ ਕਰੋ ।

3. ਨਦੀਨ ਨਾਸ਼ਕਾਂ ਦੀ ਵਰਤੋਂ ਤੋਂ ਬਾਅਦ ਨਦੀਨਾਂ ਦੇ ਜਿਹੜੇ ਬੂਟੇ ਬਚ ਜਾਂਦੇ ਹਨ ਉਹਨਾਂ ਨੂੰ ਬੀਜ ਬਣਨ ਤੋਂ ਪਹਿਲਾਂ ਪੁੱਟ ਦਿਉ ਤਾਂ ਕਿ ਕਣਕ ਦੀ ਅਗਲੀ ਫਸਲ ਵਿਚ ਨਦੀਨਾਂ ਦੀ ਸਮੱਸਿਆ ਘਟ ਸਕੇ । ਹਰ ਸਾਲ ਇਸ ਤਰ੍ਹਾਂ ਕਰਨ ਨਾਲ ਨਦੀਨਾਂ ਦੀ ਸਮੱਸਿਆ ਕਾਫੀ ਹੱਦ ਤੱਕ ਘਟਾਈ ਜਾ ਸਕਦੀ ਹੈ ।

